ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 103 | Thursday, May 26, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਬੀਸੀ ਦੇ ਇੱਕ ਈਵੈਂਟ ਵਿਚ ਜਾਣ ਦੀ ਯੋਜਨਾ ਟਰੂਡੋ ਨੇ ਕੀਤੀ ਰੱਦ



ਸਰ੍ਹੀ, 25 ਮਈ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਫੰਡਰੇਜ਼ਿੰਗ ਡਿਨਰ ਦੀ ਆਪਣੀ ਯੋਜਨਾ ਰੱਦ ਕਰਨੀ ਪਈ।

ਇਸ ਈਵੈਂਟ ਦੇ ਦੋ ਸਪੀਕਰਜ਼ ਨੇ ਦੱਸਿਆ ਕਿ ਸਰ੍ਹੀ, ਬੀਸੀ ਵਿੱਚ ਕਰਵਾਏ ਜਾਣ ਵਾਲੇ ਇਸ ਈਵੈਂਟ ਵਿੱਚ ਬਹੁਤਾ ਕਰਕੇ ਸਾਊਥ ਏਸ਼ੀਆਈ ਲੋਕ ਹੀ ਹਿੱਸਾ ਲੈਣ ਲਈ ਪਹੁੰਚੇ ਸਨ ਤੇ ਕੁੱਝ ਮੁਜ਼ਾਹਰਾਕਾਰੀਆਂ ਵੱਲੋਂ ਨਸਲੀ ਟਿੱਪਣੀਆਂ ਕੀਤੇ ਜਾਣ ਕਾਰਨ ਟਰੂਡੋ ਵੱਲੋਂ ਇਸ ਈਵੈਂਟ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਗਿਆ।ਟਰੂਡੋ ਇਮਾਰਤ ਵਿੱਚ ਹੀ ਦਾਖਲ ਨਹੀਂ ਹੋਏ ਤੇ ਉਨ੍ਹਾਂ ਇੱਥੇ ਇੱਕਠੇ ਹੋਏ ਲੋਕਾਂ ਨਾਲ ਜ਼ੂਮ ਰਾਹੀਂ ਤਿੰਨ ਮਿੰਟ ਲਈ ਗੱਲ ਕੀਤੀ।

ਉਨ੍ਹਾਂ ਆਖਿਆ ਕਿ ਕਿਸੇ ਨੂੰ ਵੀ ਆਪਣੇ ਜਮਹੂਰੀ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਨਹੀਂ ਰੋਕਿਆ ਜਾਣਾ ਚਾਹੀਦਾ ਕਿਉਂਕਿ ਸਾਡੇ ਦੇਸ਼ ਵਿੱਚ ਜਮਹੂਰੀ ਆਜ਼ਾਦੀ ਦੀ ਪੂਰੀ ਖੁੱਲ੍ਹ ਹੈ। ਟਰੂਡੋ ਨੇ ਆਖਿਆ ਕਿ ਉਹ ਭਵਿੱਖ ਵਿੱਚ ਸਰ੍ਹੀ ਦੇ ਆਪਣੇ ਸਮਰਥਕਾਂ ਨੂੰ ਮਿਲਣ ਲਈ ਜ਼ਰੂਰ ਆਉਣਗੇ। ਇਸ ਦੌਰਾਨ ਈਵੈਂਟ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਪ੍ਰਬੰਧਕਾਂ ਨੇ ਆਖਿਆ ਕਿ ਉਹ ਉੱਥੇ ਹੀ ਰਹਿਣ ਤੇ ਖਾਣੇ ਦਾ ਆਨੰਦ ਮਾਨਣ।

ਰੱਖਿਆ ਮੰਤਰੀ ਅਨੀਤਾ ਆਨੰਦ ਨੇ ਇੱਕਠ ਨੂੰ ਸੰਬੋਧਨ ਕੀਤਾ ਪਰ ਲਿਬਰਲ ਪਾਰਟੀ ਦੇ ਸਟਾਫਰ ਵੱਲੋਂ ਇੱਕ ਪੱਤਰਕਾਰ ਨੂੰ ਕਮਰਾ ਛੱਡ ਕੇ ਬਾਹਰ ਜਾਣ ਲਈ ਵੀ ਆਖਿਆ ਗਿਆ। ਜ਼ਿਕਰਯੋਗ ਹੈ ਕਿ ਚਾਰ ਦਰਜਨ ਦੇ ਨੇੜੇ ਤੇੜੇ ਮੁਜ਼ਾਹਰਾਕਾਰੀ ਕਨਵੈਂਸ਼ਨ ਸੈਂਟਰ ਦੇ ਬਾਹਰ ਇੱਕਠੇ ਹੋ ਗਏ ਤੇ ਉਨ੍ਹਾਂ ਟਰੂਡੋ ਖਿਲਾਫ ਨਾਅਰੇ ਲਾਏ ਤੇ ਹੌਰਨ ਵੀ ਵਜਾਏ।

## ਪਾਬੰਦੀਆਂ ਹਟਾਏ ਜਾਣ ਤੋਂ ਬਾਅਦ ਕੈਨੇਡਾ ਆਉਣ ਵਾਲੇ ਕੌਮਾਂਤਰੀ ਟਰੈਵਲਰਜ਼ ਦੀ ਗਿਣਤੀ ਵਧੀ

ਓਟਵਾ, 25 ਮਈ (ਪੋਸਟ ਬਿਊਰੋ) : ਕੋਵਿਡ-19 ਪਾਬੰਦੀਆਂ ਵਿੱਚ ਕਮੀ ਆਉਣ ਤੋਂ ਬਾਅਦ ਕੈਨੇਡਾ ਲਈ ਇੰਟਰਨੈਸ਼ਨਲ ਟਰੈਵਲ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਹ ਖੁਲਾਸਾ ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਕੀਤਾ ਗਿਆ ਹੈ।

ਰਿਪੋਰਟ ਵਿੱਚ ਆਖਿਆ ਗਿਆ ਕਿ ਮਾਰਚ 2022 ਵਿੱਚ ਸਮੁੰਦਰੋਂ ਪਾਰ ਰਹਿਣ ਵਾਲੇ 148,900 ਰੈਜ਼ੀਡੈਂਟਸ ਕੈਨੇਡਾ ਪਹੁੰਚੇ। ਹਾਲਾਂਕਿ ਮਾਰਚ 2021 ਦੇ ਮੁਕਾਬਲੇ ਇਹ ਅੰਕੜੇ ਪੰਜ ਗੁਣਾਂ ਜ਼ਿਆਦਾ ਹਨ ਪਰ ਇਹ 2019 ਵਿੱਚ ਇਸੇ ਮਹੀਨੇ ਕੈਨੇਡਾ ਵਿੱਚ ਦਾਖਲ ਹੋਣ ਵਾਲਿਆਂ ਦੀ ਗਿਣਤੀ ਨਾਲੋਂ ਅੱਧੇ ਜਾਂ 43 ਫੀ ਸਦੀ ਤੋਂ ਵੀ ਘੱਟ ਹਨ।



ਵਾਸੀਆਂ ਵੱਲੋਂ ਕੈਨੇਡਾ ਦੇ 465,000 ਟਰਿੱਪ ਲਾਏ ਗਏ ਜਦਕਿ ਮਾਰਚ 2021 ਵਿੱਚ ਇਹ ਪੰਜ ਗੁਣਾਂ ਘੱਟ ਸਨ।ਪਰ ਮਾਰਚ 2019 ਵਿੱਚ ਕੀਤੇ ਗਏ 1.5 ਮਿਲੀਅਨ ਟਰਿੱਪਜ਼ ਦਾ ਇਹ 31.9 ਫੀ ਸਦੀ ਹੀ ਸਨ।ਅਮੈਰੀਕਨਜ਼ ਵੱਲੋਂ ਮਾਰਚ 2022 ਵਿੱਚ ਕੀਤੇ ਗਏ ਕੁੱਲ 310,300 ਟਰਿੱਪਜ਼ ਆਟੋਮੋਬਾਈਲ ਰਾਹੀਂ ਕੀਤੇ ਗਏ ਸਨ ਜਦਕਿ 42 ਫੀ ਸਦੀ ਲੋਕ ਟਰਿੱਪ ਕਰਕੇ ਉਸੇ ਦਿਨ ਪਰਤ ਗਏ ਸਨ। ਇਸ ਦੌਰਾਨ ਕੈਨੇਡਾ ਆਉਣ ਵਾਲੇ ਯੂਰਪੀਅਨ ਦੀ ਗਿਣਤੀ ਮਾਰਚ 2021 ਵਿੱਚ 5600 ਨਾਲੋਂ ਮਾਰਚ 2022 ਵਿੱਚ 68,800 ਤੱਕ ਅੱਪੜ ਗਈ। ਜਦਕਿ ਏਸ਼ੀਆ ਦੇ ਵਿਜ਼ੀਟਰਜ਼ ਦਾ ਅੰਕੜਾ 12,100 ਨਾਲੋਂ 33,700 ਤੱਕ ਅੱਪੜ ਗਿਆ। ਪਰ ਇਹ ਦੋਵੇਂ ਅੰਕੜੇ ਵੀ ਮਾਰਚ 2019 ਦੇ ਪੱਧਰ ਨਾਲੋਂ ਘੱਟ ਸਨ।

## ਟੈਕਸਸ ਦੇ ਸਕੂਲ ਵਿੱਚ ਹੋਏ ਕਤਲੇਆਮ ਨੂੰ ਟਰੂਡੋ ਨੇ ਦੱਸਿਆ ਦਿਲ ਦਹਿਲਾ ਦੇਣ ਵਾਲੀ ਘਟਨਾ


ਵੈਨਕੂਵਰ, 25 ਮਈ (ਪੋਸਟ ਬਿਊਰੋ)



: ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਟੈਕਸਸ ਦੇ ਐਲੀਮੈਂਟਰੀ ਸਕੂਲ ਵਿੱਚ ਮੰਗਲਵਾਰ ਨੂੰ ਹੋਈ ਸ਼ੂਟਿੰਗ ਵਿੱਚ ਬੱਚਿਆਂ ਸਮੇਤ 21 ਵਿਅਕਤੀਆਂ ਦੇ ਹੋਏ ਕਤਲੇਆਮ ਦੀ ਘਟਨਾ ਦਿਲ ਦਹਿਲਾ ਦੇਣ ਵਾਲੀ ਹੈ। ...ਬਾਕੀ ਪੰਨਾ 9 'ਤੇ

## ਟੋਰਾਂਟੋ ਵਿੱਚ ਮੌਂਕੀਪੌਕਸ ਦੇ ਦੋ ਨਵੇਂ ਸ਼ੱਕੀ ਮਾਮਲੇ ਆਏ ਸਾਹਮਣੇ

ਟੋਰਾਂਟੋ, 25 ਮਈ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਹੈਲਥ (ਟੀਪੀਐਚ) ਦਾ ਕਹਿਣਾ ਹੈ ਕਿ ਸ਼ਹਿਰ ਵਿੱਚ ਮੌਂਕੀਪੌਕਸ ਦੇ ਦੋ ਨਵੇਂ ਸ਼ੱਕੀ ਮਾਮਲੇ ਮਿਲੇ ਹਨ। ਇਸ ਦੇ ਨਾਲ ਹੀ ਇੱਕ ਮਾਮਲਾ ਪੁਖ਼ਤਾ ਤੌਰ ਉੱਤੇ ਇਸੇ ਵਾਇਰਸ ਦਾ ਹੀ ਹੈ ਪਰ ਮਾਮਲੇ ਦੀ ਅਜੇ ਵੀ ਜਾਂਚ ਕੀਤੀ ਜਾ ਰਹੀ ਹੈ।



...ਬਾਕੀ ਪੰਨਾ 10 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL Insurance Advisor 416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

NOW HIRING !!! ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

SAMSUNG BUY 2 OR MORE APPLIANCES
OURR HOME & APPLIANCES
EXCLUSIVE NO TAX EVENT FROM MAY 13TH - 30TH
PRICE $5299
Premium Package
DEAL TILL STOCK LAST
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

KELLEY LAW OFFICE
Immigration / Real Estate
Family Law / Business Closing
Corporate / Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੰਮੀਗ੍ਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਲਫਨਾਮੇ ਅਤੇ ਹੋਰ ਕਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

" LET US ONCE AGAIN, DELIVER FOR YOU "

ELECT

HARDEEP
GREWAL
CANDIDATE FOR BRAMPTON-EAST



"ਬਰੈਂਪਟਨ ਵਿਕਾਸ ਦੇ ਰਾਹ ਤੇ "

- ✓ 413 ਹਾਈਵੇ
- ✓ ਬਰੈਂਪਟਨ ਲਈ ਦੂਜਾ ਵੱਡਾ ਹਸਪਤਾਲ
- ✓ RYERSON ਮੈਡੀਕਲ ਸਕੂਲ
- ✓ ਤਿੰਨ ਨਵੇਂ ਲੌਂਗ ਟਰਮ ਕੇਅਰ ਹੋਮ
- ✓ ਬਰੈਂਪਟਨ ਤੋਂ ਮਿਸੀਸਾਗਾ LRT

ONTARIO PC

AUTHORIZED BY THE CFO OF THE BRAMPTON-EAST RIDING ASSOCIATION

OFFICE NUMBER: (416) 843-2203 | CAMPAIGN OFFICE ADDRESS: 9280 GOREWAY DRIVE, BRAMPTON, ON L6T 0C4

EXCLUSIVE OFFER!

GET A $15
IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

chatr™
AUTHORIZED DEALER

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਭ੍ਰਿਸ਼ਟਾਚਾਰ ਦੀ ਬਾਹਲੀ ਆ ਮਾਰ ਤਕੜੀ,
ਆਏ ਪਏ ਲੋਕ ਪੰਜਾਬ ਵਿੱਚ ਤੰਗ ਮੀਆਂ।
ਸੁਣਿਆ ਬੜਾ ਸੀ ਪਹਿਲਿਆਂ ਆਗੂਆਂ ਤੋਂ,
ਭ੍ਰਿਸ਼ਟਾਚਾਰ ਨਾਲ ਕਰਨੀ ਆ ਜੰਗ ਮੀਆਂ।
ਕੀਤੀ ਜੰਗ ਨਹੀਂ ਪਹਿਲਿਆਂ ਆਗੂਆਂ ਸੀ,
ਕਰਿਆ ਦੱਸੋਤੇ ਆਉਂਦੀ ਹੈ ਸੰਗ ਮੀਆਂ।
ਜੀਹਨੇ ਕਰਨੀ ਸੀ ਏਸ ਨਾਲ ਜੰਗ ਮੀਆਂ,
ਉਹਨੇ ਲੱਭ ਲਿਆ ਕਰਨ ਦਾ ਢੰਗ ਮੀਆਂ।
ਝਟਕੇ ਇੱਕੋ ਵਿੱਚ ਹਿੱਲੀਪਈ ਰਾਜਨੀਤੀ,
ਜੁੜ ਗਏ ਕਈਆਂ ਦੇ ਜਾਪਦੇ ਦੰਦ ਮੀਆਂ।
ਮੀਨ-ਮੇਖ ਜਿਹੀ ਕਰੀ ਜਾਣ ਲੱਖ ਲੀਡਰ,
ਲੋਕਪਏ ਆਖਦੇ ਹੂੰਝ ਦਿਉ ਗੰਦ ਮੀਆਂ।

**ਤੀਸ ਮਾਰ ਖਾਂ**

# ਸੰਗਰੂਰ ਸਮੇਤ ਤਿੰਨ ਲੋਕ ਸਭਾ ਅਤੇ ਸੱਤ ਅਸੈਂਬਲੀ ਸੀਟਾਂ ਲਈ ਉੱਪ ਚੋਣਾਂ ਦਾ ਐਲਾਨ

### * 23 ਜੂਨ ਨੂੰ ਵੋਟਾਂ ਪੈਣਗੀਆਂ, ਨਤੀਜਾ 26 ਨੂੰ



ਨਵੀਂ ਦਿੱਲੀ, 25 ਮਈ, (ਪੋਸਟ ਬਿਊਰੋ)- ਪੰਜਾਬ ਦੀ ਸੰਗਰੂਰ ਲੋਕ ਸਭਾ ਸੀਟ ਸਮੇਤ ਭਾਰਤ ਦੀਆਂ ਤਿੰਨ ਲੋਕ ਸਭਾ ਅਤੇ ਸੱਤ ਵਿਧਾਨ ਸਭਾ ਸੀਟਾਂ ਲਈ ਉੱਪ ਚੋਣਾਂ 23 ਜੂਨ ਨੂੰ ਹੋਣਗੀਆਂ।

ਅੱਜ ਬੁੱਧਵਾਰ ਚੋਣ ਕਮਿਸ਼ਨ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਸੰਗਰੂਰ ਤੋਂ ਇਲਾਵਾ ਜਿਨ੍ਹਾਂ ਲੋਕ ਸਭਾ ਸੀਟਾਂਦੀ ਉੱਪ ਚੋਣ ਹੋਵੇਗੀ, ਉਨ੍ਹਾਂ ਵਿੱਚ ਉੱਤਰ ਪ੍ਰਦੇਸ਼ ਦੀਆਂ ਆਜ਼ਮਗੜ੍ਹ ਅਤੇ ਰਾਮਪੁਰ ਸੀਟਾਂ ਵੀ ਹਨ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂਇਹ ਅਹੁਦਾ ਸਾਂਭਣਤੋਂ ਪਹਿਲਾਂਸੰਗਰੂਰ ਲੋਕ ਸਭਾ ਸੀਟ ਤੋਂ ਅਸਤੀਫ਼ਾ ਦੇਣ ਨਾਲ ਸੰਗਰੂਰ ਸੀਟ ਖਾਲੀ ਹੋਈ ਸੀ। ਜਿਨ੍ਹਾਂ ਸੱਤ ਅਸੈਂਬਲੀਸੀਟਾਂ ਦੀਉੱਪ ਚੋਣ ਹੋਵੇਗੀ, ਉਨ੍ਹਾਂ ਵਿੱਚਦਿੱਲੀ ਦਾ ਰਾਜਿੰਦਰ ਨਗਰ, ਝਾਰਖੰਡਦਾ ਮੰਡਰ, ਆਂਧਰਾ ਪ੍ਰਦੇਸ਼ਦਾ ਆਤਮਾਕੁਰ, ਤ੍ਰਿਪੁਰਾਦਾ ਅਗਰਤਲਾ, ਟਾਊਨ ਬੋਰਡੋਵਾਲੀ, ਸੂਰਮਾ ਤੇ ਜੁਬਾਰਾਜਨਗਰ ਸ਼ਾਮਲ ਹਨ।ਇਨ੍ਹਾਂ ਸਾਰੇ ਹਲਕਿਆਂ ਵਿੱਚ 26 ਜੂਨ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

ਪੰਜਾਬ ਵਿੱਚਭਗਵੰਤ ਮਾਨ ਦ ਮੁੱਖ ਮੰਤਰੀ ਬਣਨ ਪਿੱਛੋਂਸੰਗਰੂਰ ਲੋਕ ਸਭਾ ਸੀਟਬਹਾਨੇ ਪਹਿਲੀ ਉੱਪ ਚੋਣ ਹੋਣੀ ਹੈ, ਜਿਸ ਲਈਅਸੈਂਬਲੀਚੋਣਾਂ ਵਾਂਗ ਪਹਿਲੀ ਵਾਰ ਚਾਰ ਵੱਡੀਆਂ ਸਿਆਸੀ ਧਿਰਾਂ ਮੈਦਾਨ ਵਿੱਚ ਹੋਣਗੀਆਂ, ਪਰ ਵੱਡੀ ਪ੍ਰੀਖਿਆ ਸੱਤਾਧਾਰੀ ਆਮ ਆਦਮੀ ਪਾਰਟੀ ਦੀਹੋਵੇਗੀ। ਪੰਜਾਬ ਵਿੱਚ ਨਵੀਂ ਰਾਜ ਸਰਕਾਰ ਬਣਨ ਤੋਂ ਤਿੰਨ ਮਹੀਨੇ 13 ਦਿਨ ਪਿੱਛੋਂ 23 ਜੂਨ ਨੂੰ ਉੱਪ ਚੋਣਾਂ ਲਈ ਵੋਟਾਂ ਪੈਣਗੀਆਂ। ਅੰਮ੍ਰਿਤਸਰ ਅਕਾਲੀ ਦਲ ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਵੱਲੋਂ ਚੋਣ ਲੜਨ ਦੇ ਐਲਾਨ ਤੋਂ ਸਿਵਾ ਅਜੇ ਤੱਕ ਕਿਸੇ ਧਿਰ ਨੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ।ਮੁੱਖ ਮੰਤਰੀ ਭਗਵੰਤ ਮਾਨ 2014 ਅਤੇ 2019 ਵਿੱਚ ਲਗਾਤਾਰ ਦੋ ਵਾਰ ਸੰਗਰੂਰਤੋਂ ਲੋਕ ਸਭਾ ਚੋਣ ਜਿੱਤੇ ਸਨ।

# ਕੈਪਟਨ ਅਮਰਿੰਦਰ ਨੇ ਕਿਹਾ: ਮੈਂ ਭ੍ਰਿਸ਼ਟ ਨੇਤਾਵਾਂ ਦੇ ਨਾਂਅ ਭਗਵੰਤ ਮਾਨ ਨੂੰ ਦੱਸਣ ਨੂੰ ਤਿਆਰ ਹਾਂ

### * ਸੁਖਜਿੰਦਰ ਰੰਧਾਵਾ ਦੇ ਬਿਆਨ ਪਿੱਛੋਂ ਜਵਾਬੀ ਹੱਲਾ ਬੋਲਿਆ



ਚੰਡੀਗੜ੍ਹ, 25 ਮਈ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂਮੁੱਖ ਮੰਤਰੀ ਭਗਵੰਤ ਮਾਨ ਨੂੰ ਉਨ੍ਹਾਂ (ਕੈਪਟਨ ਅਮਰਿੰਦਰ ਸਿੰਘ) ਕੋਲੋਂ ਪਿਛਲੀ ਕਾਂਗਰਸ ਸਰਕਾਰ ਦੇ ਭ੍ਰਿਸ਼ਟ ਮੰਤਰੀਆਂ ਤੇ ਵਿਧਾਇਕਾਂ,ਖਾਸਕਰ ਜਿਹੜੇ ਰੇਤ ਦੀ ਗੈਰ ਕਾਨੂੰਨੀ ਖੁਦਾਈ ਵਿੱਚ ਸ਼ਾਮਲ ਸਨ, ਦੇ ਨਾਂ ਪੁੱਛਣ ਦੇ ਸੁਝਾਅ ਦਾ ਸਵਾਗਤ ਕੀਤਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਖੁਦ ਸੁਖਜਿੰਦਰ ਸਿੰਘ ਰੰਧਾਵਾ ਤੇ ਉਨ੍ਹਾਂ ਦੇ ਕੁਝ ਸਾਥੀਆਂ ਸਮੇਤ ਇਨ੍ਹਾਂ ਗਲਤ ਕੰਮਾਂ ਵਿੱਚ ਸ਼ਾਮਲ ਸਾਰੇ ਲੋਕਾਂ ਦੇ ਨਾਵਾਂ ਦਾ ਖੁਲਾਸਾ ਕਰਨ ਤੇ ਵੇਰਵੇ ਦੇਣ ਨੂੰ ਤਿਆਰ ਹਨ। ਉਨ੍ਹਾ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪਣੇਮੰਤਰੀ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਕਾਰਵਾਈ ਦਾ ਸਵਾਗਤ ਕਰਦੇ ਹਨ, ਭਾਵੇਂ ਮੰਤਰੀ ਕੋਰਟਵਿੱਚ ਆਪਣਾ ਬਚਾਅ ਕਰ ਸਕਦਾ ਹੈ, ਪਰ ਭਗਵੰਤ ਮਾਨ ਨੇ ਸ਼ਿਕਾਇਤ ਤੋਂ ਬਾਅਦ ਜੋ ਕੀਤਾ, ਉਹ ਇੱਕ ਮਜ਼ਬੂਤ ਅਤੇ ਦ੍ਰਿੜ੍ਹ ਸੰਦੇਸ਼ ਦੇਣ ਲਈ ਸਹੀ ਕੰਮ ਸੀ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਉਹ ਸੁਖਜਿੰਦਰ ਸਿੰਘ ਰੰਧਾਵਾ ਦਾ ਚੈਲਿੰਜ ਕਬੂਲ ਕਰਦੇ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪਿਛਲੀ ਕਾਂਗਰਸ ਸਰਕਾਰ ਦੇ ਭ੍ਰਿਸ਼ਟ ਮੰਤਰੀਆਂ ਦੇ ਨਾਂਅ ਦੱਸਣ ਨੂੰ ਤਿਆਰ ਹਨ ਅਤੇ ਉਨ੍ਹਾਂ ਵਿੱਚ ਉਹ ਸਾਰੇ ਲੋਕ ਹੋਣਗੇ, ਜਿਹੜੇ ਰੇਤ ਦੀ ਮਾਈਨਿੰਗ ਸਮੇਤ ਕਈ ਧੰਦਿਆਂ ਨਾਲ ਜੁੜੇ ਹੋਏ ਹਨ। ਇਸ ਤੋਂ ਪਹਿਲਾਂ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਸੀ ਕਿ ਭਗਵੰਤ ਮਾਨ ਨੇ ਕਾਰਵਾਈ ਸ਼ੁਰੂ ਹੀ ਕੀਤੀ ਹੈ ਤਾਂ ਉਹ ਕੈਪਟਨ ਅਮਰਿੰਦਰ ਸਿੰਘ ਤੋਂ ਪਿਛਲੀਆਂ ਸਰਕਾਰਾਂ ਦੇ ਭ੍ਰਿਸ਼ਟ ਮੰਤਰੀਆਂ ਦੀ ਸੂਚੀ ਵੀ ਲੈ ਲੈਣ, ਜਿਸ ਬਾਰੇ ਕੈਪਟਨ ਅਮਰਿੰਦਰ ਸਿੰਘ ਵਾਰ-ਵਾਰ ਜ਼ਿਕਰ ਕਰਦੇ ਰਹਿੰਦੇ ਹਨ।

# ਅੱਤਵਾਦੀ ਫੰਡਿੰਗ ਦੇ ਦੋਸ਼ ਵਿੱਚ ਯਾਸੀਨ ਮਲਿਕ ਨੂੰ ਉਮਰ ਕੈਦ, ਦਸ ਲੱਖ ਰੁਪਏ ਜੁਰਮਾਨਾ

### * ਕਸ਼ਮੀਰ ਦੇ ਕੁਝ ਇਲਾਕਿਆਂ ਵਿੱਚ ਇੰਟਰਨੈੱਟ ਸੇਵਾਵਾਂ ਬੰਦ * ਯਾਸੀਨ ਨੂੰ ਸਜ਼ਾ ਦੇ ਸਵਾਲ ਉੱਤੇ ਪਾਕਿ ਸਰਕਾਰ ਭੜਕੀ



ਨਵੀਂ ਦਿੱਲੀ, 25 ਮਈ, (ਪੋਸਟ ਬਿਊਰੋ)-ਟੈਰਰ ਫੰਡਿੰਗ ਕੇਸ ਵਿੱਚ ਅੱਜ ਪਟਿਆਲਾ ਹਾਊਸ ਕੋਰਟ ਨੇ ਪ੍ਰਮੁੱਖ ਦੋਸ਼ੀ ਯਾਸੀਨ ਮਲਿਕ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ 10 ਲੱਖਰੁਪਏ ਜੁਰਮਾਨਾ ਕੀਤਾ ਹੈ।

ਰਣਨ ਯੋਗ ਹੈ ਕਿ ਯਾਸੀਨ ਮੁਲਕਵੱਲੋਂ ਆਪਣੇ ਉੱਤੇ ਲੱਗੇ ਸਾਰੇ ਦੋਸ਼ਮੰਨ ਲੈਣਪਿੱਛੋਂ ਐੱਨਆਈਏ ਦੀ ਵਿਸ਼ੇਸ਼ ਅਦਾਲਤ ਨੇ 19 ਮਈ ਨੂੰ ਹੁਰੀਅਤ ਆਗੂਅਤੇ ਪਾਬੰਦੀਸ਼ੁਦਾ ਜਥੇਬੰਦੀ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦੇ ਮੁਖੀ ਯਾਸੀਨ ਮਲਿਕ ਨੂੰਸਾਲ 2017 ਦੇ ਦਹਿਸ਼ਤਗਰਦੀ ਫੰਡਿੰਗ ਕੇਸ ਦਾ ਦੋਸ਼ੀ ਕਰਾਰ ਦਿੱਤਾ ਸੀਅਤੇ ਐੱਨਆਈਏ (ਨੈਸ਼ਨਲ ਇਨਵੈੱਸਟੀਗੇਸ਼ਨ ਏਜੰਸੀ) ਨੂੰ ਜੁਰਮਾਨੇ ਦੀ ਰਕਮ ਤੈਅ ਕਰਨ ਲਈ ਯਾਸੀਨ ਮਲਿਕ ਦੀ ਮਾਇਕ ਹਾਲਤ ਦਾ ਮੁਲੰਕਣ ਕਰਨ ਨੂੰ ਕਿਹਾ ਸੀ।ਇਸ ਦੇ ਨਾਲ ਯਾਸੀਨ ਮਲਿਕ ਨੂੰ ਆਪਣੀ ਜਾਇਦਾਦ ਦਾ ਐਫੀਡੇਵਿਟ ਪੇਸ਼ ਕਰਨ ਨੂੰ ਵੀ ਕਿਹਾ ਸੀ।ਉਸ ਤੋਂ ਪਹਿਲਾਂ 10 ਮਈ ਨੂੰ ਯਾਸੀਨ ਮਲਿਕ ਨੇ ਅੱਤਵਾਦੀ ਫੰਡਿੰਗ ਕੇਸ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ ਏਪੀਏ) ਹੇਠ ਸਾਰੇ ਦੋਸ਼ਾਂ ਬਾਰੇ ਅਦਾਲਤ ਨੂੰ ਕਿਹਾ ਸੀ ਕਿ ਉਹ ਆਪਣੇਵਿਰੁੱਧ ਦੋਸ਼ਾਂ ਦਾ ਸਾਹਮਣਾ ਨਹੀਂ ਕਰਨਾ ਚਾਹੁੰਦਾ। ਮਲਿਕ ਨੂੰ ਅੱਤਵਾਦੀ ਵਾਰਦਾਤਾਂ ਲਈ ਫੰਡ ਇਕੱਠਾ ਕਰਨ, ਸਾਜ਼ਿਸ਼ ਰਚਣ, ਅੱਤਵਾਦੀ ਸੰਗਠਨ ਦਾ ਮੈਂਬਰ ਹੋਣ, ਭਾਰਤ ਦੇ ਖਿਲਾਫ਼ ਪ੍ਰਚਾਰ ਅਤੇ ਰਾਜ-ਧ੍ਰੋਹ ਸਮੇਤ ਹੋਰ ਅਪਰਾਧਾਂ ਦਾ ਦੋਸ਼ੀ ਮੰਨਿਆ ਗਿਆ ਸੀ।

ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਫੰਡਿੰਗ ਦੇ ਕੇਸ ਵਿੱਚਦਿੱਲੀ ਦੀ ਅਦਾਲਤ ਵੱਲੋਂ ਯਾਸੀਨ ਮਲਿਕ ਨੂੰ ਦੋਸ਼ੀ ਮੰਨੇ ਜਾਣ ਤੋਂ ਬਾਅਦ ਪਾਕਿਸਤਾਨ ਨੇ ਇਸ ਬਾਰੇ ਭਾਰਤ ਦੇ ਹਾਈ ਕਮਿਸ਼ਨਰ ਨੂੰ ਵਿਦੇਸ਼ ਮੰਤਰਾਲੇ ਵਿੱਚ ਤਲਬ ਕੀਤਾ ਅਤੇ ਮਲਿਕ ਉੱਤੇ ਲਾਏ ਦੋਸ਼ਾਂਬਾਰੇ ਵਿਰੋਧ ਪ੍ਰਗਟ ਕੀਤਾ ਹੈ।

ਦੂਸਰੇ ਪਾਸੇ ਜੰਮੂ-ਕਸ਼ਮੀਰ ਦੀ ਗਰਮੀਆਂ ਦੀ ਰਾਜਧਾਨੀ ਸ੍ਰੀਨਗਰ ਦੇ ਡਾਊਨਟਾਊਨ ਸਣੇ ਵੱਖ-ਵੱਖ ਖੇਤਰਾਂ ਦੇਦੁਕਾਨਦਾਰਾਂ ਨੇ ਪੱਥਰਬਾਜ਼ਾਂ ਦੇ ਡਰੋਂ ਆਪਣੀਆਂ ਦੁਕਾਨਾਂ ਬੰਦ ਰੱਖੀਆਂ, ਪਰ ਸਥਿਤੀ ਆਮ ਰਹੀ। ਚੌਕਸੀ ਵਰਤਦੇ ਹੋਏ ਪ੍ਰਸ਼ਾਸਨ ਨੇ ਲੱਖਣਪੁਰ ਤੋਂ ਕੁਪਵਾੜਾ ਤੱਕ ਸੁਰੱਖਿਆ ਦੇ ਸਖ਼ਤ ਪ੍ਰਬੰਧ ਰੱਖੇ, ਤਾਂ ਜੋ ਸ਼ਰਾਰਤੀ ਅਨਸਰ ਕੋਈ ਗੜਬੜ ਨਾ ਕਰ ਸਕਣ। ਯਾਸੀਨ ਮਲਿਕ ਦੇ ਇਲਾਕੇ ਅਤੇ ਹੋਰ ਸੰਵੇਦਨਸ਼ੀਲ ਖੇਤਰਾਂ ਦੀ ਨਿਗਰਾਨੀ ਲਈ ਡਰੋਨ ਦੀ ਮਦਦ ਲੈਣ ਤੋਂ ਇਲਾਵਾ ਪੁਲਿਸ ਨੇ ਕਈ ਥਾਂ ਇੰਟਰਨੈਟ ਸੇਵਾਵਾਂ ਬੰਦ ਰੱਖੀਆਂ। ਬਹੁਤੇ ਦੁਕਾਨਦਾਰਾਂ ਨੇ ਸ੍ਰੀਨਗਰ, ਖਾਸ ਤੌਰ ਉੱਤੇ ਲਾਲ ਚੌਕ ਦੇ ਨਾਲ ਮੇਸੂਮਾ ਤੇ ਡਾਊਨ-ਟਾਊਨ ਦੇ ਵੱਖ-ਵੱਖ ਹਿੱਸਿਆਂ ਦੁਕਾਨਾਂ ਬੰਦ ਰੱਖੀਆਂ। ਸ੍ਰੀਨਗਰ ਦੇ ਰਾਜਬਾਗ, ਜਵਾਹਰ ਨਗਰ, ਬਟਮਾਲੂ, ਰਾਮਬਾਗ, ਚੰਨਾਪੋਰਾ ਆਦਿ ਕਈ ਇਲਾਕਿਆਂ ਵਿੱਚ ਦੁਕਾਨਾਂ ਬੰਦ ਨਹੀਂ ਹੋਈਆਂ। ਮੈਸੂਮਾ, ਜਿੱਥੇ ਯਾਸੀਨ ਮਲਿਕ ਦਾ ਘਰ ਹੈ ਅਤੇ ਡਾਊਨ ਟਾਊਨ ਦੇ ਕੁਝ ਹੋਰ ਹਿੱਸਿਆਂ ਦੀ ਚੌਕਸੀ ਲਈ ਡਰੋਨ ਨੂੰ ਲਿਜਾਇਆ ਗਿਆ। ਮਲਿਕ ਦੇ ਸਮਰਥਕਾਂ ਨੇ ਭੜਕਾਊ ਨਾਅਰੇਬਾਜ਼ੀ ਕਰਦੇ ਹੋਏ ਜਲੂਸ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਦਸ਼ਨਾਮੀ ਅਖਾੜਾ ਚੌਕ ਅੱਗੇ ਸੀਆਰਪੀਐੱਫ ਅਤੇ ਪੁਲਿਸ ਨੇ ਉਨ੍ਹਾਂ ਨੂੰ ਰੋਕ ਕੇ ਵਾਪਸ ਭੇਜ ਦਿੱਤਾ।

# 20 ਲੱਖ ਰੁਪਏ ਦੇ ਘਪਲੇ ਦੇ ਦੋਸ਼ ਵਿੱਚ ਪੰਚਾਇਤ ਵਿਭਾਗ ਦੀ ਵੱਡੀ ਕਾਰਵਾਈ

### * ਦੋ ਜੇ ਈਜ਼, ਇੱਕ ਸੈਕਟਰੀ ਅਤੇ ਦੋ ਸਰਪੰਚਾਂ ਖਿਲਾਫ ਕੇਸ ਦਰਜ

ਫਤਹਿਗੜ੍ਹ ਸਾਹਿਬ, 25 ਮਈ, (ਪੋਸਟ ਬਿਊਰੋ)-ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਪਿੰਡ ਕੋਟਲਾ ਸੁਲੇਮਾਨ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਸਾਬਕਾ ਸਰਪੰਚ ਤਰਲੋਚਨ ਸਿੰਘ, ਅਧਿਕਾਰਤ ਪੰਚ ਰਣਜੋਧ ਸਿੰਘ, ਬੀਡੀਪੀਓ ਦਫ਼ਤਰ ਦੇ ਦੋ ਜੂਨੀਅਰ ਇੰਜਨੀਅਰਜ਼ ਲਲਿਤ ਗੋਇਲ ਜੂਨੀਅਰ ਇੰਜੀਨੀਅਰ ਤੇ ਲੁਕੇਸ਼ ਥੰਮ੍ਹਣ ਅਤੇ ਪੰਚ-'ਇਤ ਸੈਕਟਰੀਪਵਿੱਤਰ ਸਿੰਘ ਵਿਰੁੱਧ ਗ੍ਰਾਮ ਪੰਚਾਇਤ ਦੇ ਫੰਡਾਂ ਵਿੱਚ 20.67 ਲੱਖ ਰੁਪਏ ਦੇ ਘਪਲੇ ਅਤੇ 2.86 ਕਰੋੜ ਰੁਪਏ ਦੇ ਹਿਸਾਬ ਦੀ ਮਾਪ ਪੁਸਤਕ ਖੁਰਦ-ਬੁਰਦ ਕਰਨ ਬਦਲੇ ਕੇਸ ਦਰਜ ਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

ਇਸ ਸੰਬੰਧ ਵਿੱਚ ਅੱਜ ਇੱਥੇ ਪੰਜਾਬ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਦੋਸ਼ੀਆਂ ਖਿਲਾਫ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਵਿਖੇ ਕੇਸ ਦਰਜ ਕਰਕੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਟੀਮਾਂ ਬਣਾਈਆਂ ਹਨ। ਉਨ੍ਹਾਂ ਦੱਸਿਆ ਕਿ ਇੱਕ ਸ਼ਿਕਾਇਤ ਦੀ ਜਾਂਚਵਿੱਚਪਤਾ ਲੱਗਾ ਕਿ ਰਣਜੋਧ ਸਿੰਘ ਅਧਿਕਾਰਤ ਪੰਚ ਤੋਂ ਪਹਿਲਾਂ ਪਿੰਡ ਕੋਟਲਾ ਸੁਲੇਮਾਨ ਦਾ ਸਰਪੰਚ ਤਰਲੋਚਨ ਸਿੰਘ ਦੇ ਸਮੇਂ ਪੰਚਾਇਤੀ ਜ਼ਮੀਨ ਨੂੰ ਰੇਲਵੇ ਵਿਭਾਗ ਵੱਲੋਂ ਐਕਵਾਇਰ ਕਰਨ ਨਾਲਪੰਚਾਇਤ ਨੂੰ ਕਰੀਬ 4.18 ਕਰੋੜ ਰੁਪਏ ਤੇ ਹੋਰਾਂ ਵਸੀਲਿਆਂ ਤੋਂ ਕੁੱਲ 4.20 ਕਰੋੜਰੁਪਏ ਤੋਂ ਵੱਧਮਿਲੇ ਸਨ ਅਤੇ ਇਸ ਰਕਮ ਵਿੱਚੋਂ ਤਰਲੋਚਨ ਸਿੰਘ ਸਾਬਕਾ ਸਰਪੰਚ ਨੇ 2.86 ਰੁਪਏ ਦੇ ਕਰੀਬ ਪਿੰਡ ਵਿਚ ਵਿਕਾਸ ਕੰਮਾਂ ਉੱਪਰ ਖ਼ਰਚੇ ਸਨ। ਉਸ ਨੇ 1.34 ਕਰੋੜ ਰੁਪਏ ਪੰਚਾਇਤੀ ਖਾਤੇ ਵਿੱਚ ਛੱਡੇ ਤੇ ਇਹ ਬਚਦੀ ਰਕਮ ਰਣਜੋਧ ਸਿੰਘ ਅਧਿਕਾਰਤ ਪੰਚ ਨੇ ਵਿਕਾਸ ਦੇ ਨਾਮ ਉੱਤੇ ਖਰਚ ਕੀਤੀ ਦਿਖਾਈ ਹੈ, ਪਰ ਉਸਵੱਲੋਂ ਕਰਵਾਏ ਕੰਮਾਂ ਬਾਰੇ ਤਰਸੇਮ ਲਾਲ ਕਾਰਜਕਾਰੀ ਇੰਜੀਨੀਅਰ ਜਲੰਧਰ ਡਵੀਜ਼ਨ ਨੇਜਾਂਚ ਕਰਕੇ 27,59,538 ਰੁਪਏ ਦੇ ਵਿੱਤੀ ਨੁਕਸਾਨ ਦੀ ਰਿਪੋਰਟ ਦਿੱਤੀ ਸੀ। ਰਣਜੋਧ ਸਿੰਘ ਅਧਿਕਾਰਤ ਪੰਚ ਦੇ ਸਮੇਂ ਕਰਵਾਏ ਕੰਮਾਂ ਦੀ ਵਿਜੀਲੈਂਸ ਬਿਊਰੋ ਪੰਜਾਬ ਦੀ ਤਕਨੀਕੀ ਟੀਮ-1 ਨੇ ਚੈਕਿੰਗ ਕੀਤੀ ਤਾਂਇਸ ਰਿਪੋਰਟ ਵਿੱਚ 5 ਜਨਵਰੀ 2018 ਤੋਂ 13 ਜੁਲਾਈ 2018 ਤਕ ਪਿੰਡ ਵਿੱਚ ਵਿਕਾਸ ਕੰਮਾਂ ਵਿੱਚ 20,67,068 ਰੁਪਏ ਦਾ ਘਪਲਾ ਰਣਜੋਧ ਸਿੰਘ ਅਧਿਕਾਰਤ ਪੰਚ, ਲੁਕੇਸ਼ ਥੰਮ੍ਹਣ ਜੇ ਈ ਅਤੇ ਪਵਿੱਤਰ ਸਿੰਘ ਪੰਚਾਇਤ ਸੈਕਟਰੀ ਵੱਲੋਂ ਕੀਤਾ ਨਿਕ-ਲਆ।ਵਿਜੀਲੈਂਸ ਦੀ ਤਕਨੀਕੀ ਟੀਮ ਦੀ ਰਿਪੋਰਟ ਮੁਤਾਬਕ ਪਿੰਡ ਦੇ ਵਿਕਾਸ ਕੰਮਾਂ ਤੋਂ ਪਹਿਲਾਂ ਉਸ ਦੀ ਤਕਨੀਕੀ ਪ੍ਰਵਾਨਗੀ ਲੈਣੀ ਜ਼ਰੂਰੀ ਸੀ, ਕਿਉਂਕਿ ਉਸੇ ਮੁਤਾਬਕ ਮਟੀਰੀਅਲ ਦੀ ਮਿਕਦਾਰ ਅਤੇ ਰੇਟ ਮਨਜ਼ੂਰ ਹੋਣੇ ਸਨ, ਪਰ ਲੁਕੇਸ਼ ਥੰਮ੍ਹਣ ਜੇ ਈ,ਪਵਿੱਤਰ ਸਿੰਘ ਪੰਚਾਇਤ ਸੈਕਟਰੀ ਅਤੇ ਰਣਜੋਧ ਸਿੰਘ ਸਾਬਕਾ ਅਧਿਕਾਰਤ ਪੰਚ ਨੇ ਮਿਲੀਭੁਗਤ ਕਰਕੇ ਕੋਈ ਪ੍ਰਵਾਨਗੀ ਨਹੀਂ ਲਈ। ਇਸ ਤੋਂ ਬਿਨਾ ਤਰਲੋਚਨ ਸਿੰਘ ਸਾਬਕਾ ਸਰਪੰਚ ਦੇ ਸਮੇਂਵਾਲੇ ਜੇ ਈ ਲਲਿਤ ਗੋਇਲ ਪਾਸੋਂ ਵਾਰ ਵਾਰ ਮਾਪ ਪੁਸਤਕ (ਐਮਬੀ) ਦੀ ਮੰਗ ਕੀਤੀ ਤਾਂ ਜੋ ਤਰਲੋਚਨ ਸਿੰਘ ਸਾਬਕਾ ਸਰਪੰਚ ਦੇ ਸਮੇਂਹੋਏ ਕੰਮਾਂ ਦੀ ਚੈਕਿੰਗ ਕੀਤੀ ਜਾ ਸਕੇ, ਪਰ ਲਲਿਤ ਗੋਇਲ ਜੇ ਈ ਨੇ ਪੜਤਾਲ ਲਈ ਮਾਪ ਪੁਸਤਕ ਪੇਸ਼ ਨਹੀਂ ਕੀਤੀ ਅਤੇ ਨਾ ਉਸਨੇ ਇਸ ਪਿੰਡ ਦੇ ਵਿਕਾਸ ਦੇ ਕੰਮਾਂ ਬਾਰੇ ਮਾਪ ਪੁਸਤਕ ਵਿਭਾਗ ਨੂੰ ਕਰਵਾਈ ਤੇ ਨਾ ਲੁਕੇਸ਼ ਥੰਮ੍ਹਣ ਜੇ ਈਵੱਲੋਂ ਲਲਿਤ ਗੋਇਲ ਜੇ ਈ ਪਾਸੋਂ ਮਾਪ ਪੁਸਤਕ ਦੀ ਮੰਗ ਕੀਤੀ ਗਈ, ਜਿਸ ਤੋਂ ਸਾਫ ਹੈ ਕਿ ਲਲਿਤ ਗੋਇਲ ਜੇ ਈ ਵੱਲੋਂ ਤਰਲੋਚਨ ਸਿੰਘ ਦੇ ਸਮੇਂ ਕਰਾਏ ਕੰਮਾਂ ਬਾਰੇ ਮਾਪ ਪੁਸਤਕ ਖੁਰਦ ਬੁਰਦ ਕੀਤੀ ਗਈ ਅਤੇ ਲੋਕੇਸ਼ ਥੰਮ੍ਹਣ ਜੇ ਈ ਵੱਲੋਂ ਪਿੰਡ ਦੇ ਕੰਮਾਂ ਲਈ ਅਹੁਦੇ ਦੀ ਦੁਰਵਰਤੋਂ ਕਰ ਕੇ ਵਿਭਾਗ ਦੇ ਬੀ ਡੀ ਪੀ ਓ ਨੂੰ ਦੱਸੇ ਬਿਨਾਂ ਰਣਜੋਧ ਸਿੰਘ ਅਧਿਕਾਰਤ ਸਰਪੰਚ ਨਾਲ ਮਿਲੀਭੁਗਤ ਕਰਕੇ ਨਵੀਂ ਮਾਪ ਪੁਸਤਕ ਲਾ ਕੇ ਕੰਮ ਸ਼ੁਰੂ ਕਰਵਾ ਦਿੱਤੇ ਗਏ ਸਨ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਕਪਿਲ ਸਿੱਬਲ ਨੇ ਕਾਂਗਰਸ ਛੱਡੀ, ਅਖਿਲੇਸ਼ ਯਾਦਵ ਦੀ ਪਾਰਟੀ ਵੱਲੋਂ ਰਾਜ ਸਭਾ ਦੇ ਕਾਗਜ਼ ਭਰੇ

ਲਖਨਊ, 25 ਮਈ, (ਪੋਸਟ ਬਿਊਰੋ)-ਕਾਂਗਰਸ ਨੂੰ ਅੱਜ ਬੁੱਧਵਾਰ ਵੱਡਾ ਝਟਕਾ ਲੱਗਾ ਹੈ, ਜਦੋਂ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਕਪਿਲ ਸਿੱਬਲ ਨੇ ਪਾਰਟੀ ਤੋਂ ਅਸਤੀਫ਼ਾ ਦਿੱਤਾ ਤੇ ਸਮਾਜਵਾਦੀ ਪਾਰਟੀਨਾਲ ਚਲੇ ਗਏ। ਉਨ੍ਹਾਂ ਨੇ ਸਮਾਜਵਾਦੀ ਪਾਰਟੀ ਦੀ ਟਿਕਟ ਉੱਤੇ ਰਾਜ ਸਭਾ ਚੋਣਾਂ ਦੇ ਕਾਗਜ਼ ਭਰ ਦਿੱਤੇ ਹਨ। ਕਾਂਗਰਸ ਦੇ ਜੀ-23 ਵਾਲੇ ਧੜੇ ਦੇ ਪ੍ਰਮੁੱਖ ਬਾਗੀ ਰਹਿ ਚੁੱਕੇ ਕਪਿਲ ਸਿੱਬਲ ਨੇ ਬਹੁਤ ਖ਼ਾਮੋਸ਼ੀ ਨਾਲ ਕਾਂਗਰਸ ਛੱਡ ਦਿੱਤੀ ਹੈ।

ਵਰਨਣ ਯੋਗ ਹੈ ਕਿ ਸਮਾਜਵਾਦੀ ਪਾਰਟੀ ਦੇ ਆਗੂ ਆਜ਼ਮ ਖਾਨ ਨੇ ਜਦੋਂ ਬੀਤੇ ਦਿਨੀਂ ਕਪਿਲ ਸਿੱਬਲ ਦੀ ਚੋਖੀ ਤਾਰੀਫ਼ ਕੀਤੀ ਤਾਂਚਰਚੇ ਚੱਲ ਪਏ ਸਨ ਕਿ ਸਮਾਜਵਾਦੀ ਪਾਰਟੀ ਉਨ੍ਹਾਂ ਨੂੰ ਰਾਜ ਸਭਾ ਦੀ ਟਿਕਟ ਦੇ ਸਕਦੀ ਹੈ। ਕਪਿਲ ਸਿੱਬਲ ਨੇ ਅੱਜ ਲਖਨਊ ਵਿੱਚ ਰਾਜ ਸਭਾ ਉਮੀਦਵਾਰ ਵਜੋਂ ਕਾਗਜ਼ ਭਰਨ ਪਿੱਛੋਂਕਿਹਾ ਕਿ ਉਨ੍ਹਾਂ ਕਾਂਗਰਸ ਪਾਰਟੀ ਤੋਂ 16 ਮਈ ਨੂੰ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਹ ਸਮਾਜਵਾਦੀ ਪਾਰਟੀ ਦੀ ਮਦਦ ਨਾਲਆਜ਼ਾਦਮੈਂਬਰ ਵਜੋਂ ਉੱਤਰ ਪ੍ਰਦੇਸ਼ ਤੋਂ ਰਾਜ ਸਭਾ ਜਾਣਗੇ। ਉਨ੍ਹਾਂ ਕਿਹਾ ਕਿ 'ਮੈਂ ਕਾਂਗਰਸ ਬਾਰੇ ਹਾਲੇ ਕੁਝ ਨਹੀਂ ਕਹਾਂਗਾ। ਮੈਂ ਅਸਤੀਫਾ ਦੇ ਦਿੱਤਾ ਹੈ, ਇਸ ਲਈ ਕਾਂਗਰਸ ਬਾਰੇ ਮੇਰਾ ਕੁਝ ਕਹਿਣਾ ਠੀਕ ਨਹੀਂ। 30-31 ਸਾਲ ਦਾ ਰਿਸ਼ਤਾ ਛੱਡਣਾ ਆਸਾਨ ਨਹੀਂ ਹੁੰਦਾ।' ਉਨ੍ਹਾ ਕਿਹਾ, 'ਆਜ਼ਾਦ ਆਵਾਜ਼ ਦਾ ਹੋਣਾ ਮਹੱਤਵਪੂਰਨ ਹੈ। ਵਿਰੋਧੀ ਧਿਰ ਵਿੱਚ ਰਹਿ ਕੇ ਅਸੀਂ ਇੱਕ ਗੱਠਜੋੜ ਬਣਾਉਣਾ ਚਾਹੁੰਦੇ ਹਾਂ ਤਾਂ ਕਿ ਮੋਦੀ ਸਰਕਾਰ ਦਾ ਮੁਕਾਬਲਾ ਕਰ ਸਕੀਏ।' ਉਨ੍ਹਾਂ ਕਿਹਾ ਕਿ ਸਾਲ 2024 ਦੀਆਂ ਚੋਣਾਂ ਤੋਂ ਪਹਿਲਾਂ ਅਸੀਂ ਮੋਦੀ ਸਰਕਾਰ ਦੀਆਂ ਕਮੀਆਂ ਅਤੇ ਖ਼ਾਮੀਆਂ ਜਨਤਾ ਨੂੰ ਦੱਸਾਂਗੇ।

ਕਪਿਲ ਸਿੱਬਲ ਨੇ ਰਸਮੀ ਤੌਰ ਉੱਤੇ ਸਮਾਜਵਾਦੀ ਪਾਰਟੀ ਦਾ ਪੱਲਾ ਨਹੀਂ ਫੜਿਆ ਅਤੇ ਆਜ਼ਾਦ ਉਮੀਦਵਾਰ ਵਜੋਂ ਕਾਗਜ਼ ਭਰ ਕੇ ਇਸ ਪਾਰਟੀ ਦੇ ਸਮਰਥਨ ਨਾਲ



ਰਾਜ ਸਭਾ ਜਾਣਗੇ।ਉਹ ਕਾਂਗਰਸ ਵਿਚਲੇ ਜੀ-23 ਗਰੁੱਪ ਨਾਲ ਜੁੜੇ ਹੋਏ ਸਨ ਅਤੇ ਇਸ ਗਰੁੱਪ ਦੇ ਆਗੂਆਂ ਨੇ ਪਿਛਲੇ ਸਾਲ ਪਾਰਟੀ ਲੀਡਰਸ਼ਿਪ ਦੇ ਕੰਮ-ਢੰਗ ਉੱਤੇ ਗੰਭੀਰ ਸਵਾਲ ਉਠਾਏਤੇ ਸੋਨੀਆ ਗਾਂਧੀ ਨੂੰ ਇੱਕ ਚਿੱਠੀ ਲਿਖ ਕੇ ਸੰਗਠਨ ਚੋਣਾਂ ਜਲਦੀ ਕਰਾਉਣ ਦੀ ਮੰਗਕੀਤੀ ਸੀ। ਕਪਿਲ ਸਿੱਬਲ ਨੇ ਇਸ ਮਹੀਨੇ ਉਦੈਪੁਰ ਵਿੱਚ ਕਾਂਗਰਸ ਦੇ ਚਿੰਤਨ ਸ਼ਿਵਿਰ ਤੋਂ ਪਹਿਲਾਂ ਗਾਂਧੀ ਪਰਿਵਾਰ ਉੱਤੇ ਨਿਸ਼ਾਨਾ ਸਾਧਿਆ ਸੀ ਤੇ ਉਹ ਲੰਬੇ ਸਮੇਂ ਤੋਂ ਗਾਂਧੀ ਪਰਿਵਾਰ ਨੂੰ ਕਾਂਗਰਸ ਦੀ ਅਗਵਾਈ ਤੋਂ ਵੱਖ ਕਰਨ ਦੀਮੰਗ ਕਰ ਰਹੇ ਸਨ।

ਸਿੱਬਲ ਤੋਂ ਪਹਿਲਾਂ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੇ ਕਾਨੂੰਨ ਮੰਤਰੀ ਰਹੇ ਅਸ਼ਵਨੀ ਕੁਮਾਰ ਨੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਫਰਵਰੀ ਵਿੱਚ ਕਾਂਗਰਸ ਤੋਂ ਅਸਤੀਫਾ ਦੇ ਕੇ ਕਿਹਾ ਸੀ ਕਿ ਕਾਂਗਰਸ ਅੱਗੇ ਵਾਲੀ ਨਹੀਂ ਰਹੀ, ਸਾਡੇ ਕੋਲ ਪਾਰਟੀ ਦੀ ਅਗਵਾਈ ਲਈ ਪ੍ਰੇਰਣਾਦਾਇਕ ਲੀਡਰਸ਼ਿਪ ਨਹੀਂ।ਬੀਤੇ ਹਫਤੇ ਗੁਜਰਾਤ ਦੇ ਪਾਟੀਦਾਰ ਭਾਈਚਾਰੇ ਦੇ ਨੇਤਾ ਹਾਰਦਿਕ ਪਟੇਲ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ।ਗੁਜਰਾਤ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਰਹੇ ਹਾਰਦਿਕ ਪਟੇਲ ਪਾਰਟੀ ਲੀਡਰਸ਼ਿਪ ਤੋਂ ਨਾਰਾਜ਼ ਸਨ ਅਤੇ ਉਨ੍ਹਾਂ ਨੇ ਏਥੋਂ ਤੱਕ ਕਿਹਾ ਸੀ ਕਿ ਦਿੱਲੀ ਦੇ ਕਾਂਗਰਸੀ ਨੇਤਾ ਚਿਕਨ ਸੈਂਡਵਿਚ ਉੱਤੇਵੱਧ ਧਿਆਨ ਦਿੰਦੇ ਹਨ।ਮਨਮੋਹਨ ਸਿੰਘ ਸਰਕਾਰ ਦੇ ਮੰਤਰੀ ਰਹੇ ਆਰਪੀਐਨ ਸਿੰਘ ਨੇ ਉੱਤਰ ਪ੍ਰਦੇਸ਼ ਅਸੈਂਬਲੀ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀਛੱਡ ਦਿੱਤੀ ਸੀ। ਉਹ ਪਿਛਲੇ ਤਿੰਨ ਦਹਾਕਿਆਂ ਤੋਂ ਕਾਂਗਰਸ ਵਿੱਚ ਸਨ ਅਤੇ ਲਗਾਤਾਰ ਤਿੰਨ ਵਾਰ ਉੱਤਰ ਪ੍ਰਦੇਸ਼ ਵਿਧਾਨ ਸਭਾ ਦੇ ਮੈਂਬਰ ਰਹਿ ਚੁੱਕੇ ਸਨ।

## ਸਾਬਕਾ ਡਿਪਟੀ ਸਪੀਕਰ ਦੇ ਪੁੱਤਰ, ਸਾਬਕਾ ਕੌਂਸਲਰ ਸਣੇ ਤਿੰਨਾਂ'ਤੇ ਜ਼ਮੀਨ ਦੇ ਨਾਜਾਇਜ਼ ਕਬਜ਼ੇ ਦਾ ਕੇਸ

ਪਠਾਨਕੋਟ, 25 ਮਈ (ਪੋਸਟ ਬਿਊਰੋ)- ਸੁਜਾਨਪੁਰ ਤੋਂ ਭਾਜਪਾ ਦੇ ਤਿੰਨ ਵਾਰ ਵਿਧਾਇਕ ਰਹੇ ਅਤੇ ਸਾਬਕਾ ਡਿਪਟੀ ਸਪੀਕਰ ਦਿਨੇਸ਼ ਸਿੰਘ ਬੱਬੂ ਦੇ ਪੁੱਤਰ ਸ਼ਿਵਨੰਦਨ ਠਾਕੁਰ, ਭਾਜਪਾ ਦੇ ਸਾਬਕਾ ਕੌਂਸਲਰ ਅਕਸ਼ੈ ਮਹਾਜਨ ਸਮੇਤ ਤਿੰਨ ਜਣਿਆਂ ਖਿਲਾਫ ਸ੍ਰੀ ਰਾਮਸ਼ਰਣਮ ਕਾਲੋਨੀ (ਭਦਰੋਆ) ਵਿੱਚ ਜ਼ਮੀਨ ਉੱਤੇਨਾਜਾਇਜ਼ ਕਬਜ਼ੇ ਅਤੇ ਧਮਕੀ ਦੇਣ ਦਾ ਕੇਸ ਪੁਲਸ ਨੇ ਦਰਜ ਕੀਤਾ ਹੈ। ਇਹ ਕੇਸ ਗਾਰਡਨ ਕਾਲੋਨੀ ਵਾਸੀ ਰੁਨਣ ਅਤੇ ਅੰਕੁਸ਼ ਮਹਾਜਨ ਦੀ ਸ਼ਿਕਾਇਤ ਉੱਤੇ ਦਰਜ ਕੀਤਾਗਿਆ ਹੈ, ਜਿਸ ਬਾਰੇ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਅਸਲ ਵਿੱਚ ਰੁਨਣ ਮਹਾਜਨ, ਅਸ਼ਿਤ ਮਹਾਜਨ ਤੇ ਅੰਕੁਸ਼ ਮਹਾਜਨ ਦੀ ਸਾਂਝੀ ਜ਼ਮੀਨ ਸ੍ਰੀ ਰਾਮਸ਼ਰਣਮ ਕਾਲੋਨੀ ਭਦਰੋਆ ਵਿੱਚ ਹੈ, ਜੋ ਉਨ੍ਹਾਂ ਨੇ ਡਾਕਟਰ ਗੁਰਬਖਸ਼ ਚੌਧਰੀ ਤੋਂ 21 ਜੁਲਾਈ 2017 ਨੂੰ ਰਜਿਸਟਰੀ ਕਰਵਾਈ ਸੀ। ਇਸ ਸਾਢੇ 18 ਮਰਲੇ ਜ਼ਮੀਨ ਦੀ ਕੀਮਤ ਕਰੋੜਾਂ ਵਿੱਚ ਹੈ। ਉਨ੍ਹਾਂ ਨੇ 2019 ਵਿੱਚ ਪਾਣੀ ਦਾ ਬੋਰ ਵੀ ਕਰਾਇਆ ਸੀ ਤੇ ਉਸ ਜ਼ਮੀਨ ਉੱਤੇ ਉਨ੍ਹਾਂ ਦਾ ਬਾਕਾਇਦਾ ਕਬਜ਼ਾ ਹੋ ਗਿਆ ਸੀ। ਬੀਤੀ 21 ਮਈ ਨੂੰ ਪਤਾ ਲੱਗਾ ਕਿ ਜ਼ਮੀਨ ਉੱਤੇ ਕੁਝ ਲੋਕ ਜੇ ਸੀ ਬੀ ਨਾਲਕੁਝ ਕੰਮ ਕਰਵਾ ਰਹੇ ਹਨ ਤਾਂ ਰੁਨਣ ਅਤੇ ਅੰਕੁਸ਼ ਗਏ ਤੇ ਦੇਖਿਆ ਕਿ ਜ਼ਮੀਨ ਉੱਤੇ ਸ਼ਿਵਨੰਦਨ ਠਾਕੁਰ ਵਾਸੀ ਚੱਕ ਮਾਧੋ ਸਿੰਘ, ਅਕਸ਼ੈ ਕੁਮਾਰ ਵਾਸੀ ਮਿਸ਼ਨ ਰੋਡ ਅਤੇ ਵਿਜੇ ਕੁਮਾਰ ਵਾਸੀ ਗਾਰਡਨ ਕਾਲੋਨੀ ਸਮੇਤ ਪੰਜ-ਛੇ ਹੋਰ ਲੋਕ ਮੌਜੂਦ ਸਨ ਅਤੇ ਉਹ ਉਸ ਜਗ੍ਹਾ ਉੱਤੇ ਨੀਂਹ ਪੁੱਟ ਕੇ ਚਾਰ ਦੀਵਾਰੀ ਕਰਵਾ ਰਹੇ ਸਨ। ਨਾਜਾਇਜ਼ ਕਬਜ਼ਾ ਰੋਕਣ ਉੱਤੇ ਉਨ੍ਹਾਂ ਲੋਕਾਂ ਨੇ ਧਮਕੀਆਂ ਦਿੱਤੀਆਂ ਤੇ ਕਿਹਾ ਕਿ ਉਹ ਕੰਮ ਨਹੀਂ ਰੋਕਣਗੇ, ਜਿਸ ਉੱਤੇ ਅੰਕੁਸ਼ ਤੇ ਰੁਨਣ ਨੇ ਪੁਲਸ ਨੂੰ ਦੱਸਿਆ। ਅੰਕੁਸ਼ ਦਾ ਕਹਿਣਾ ਹੈ ਕਿ ਦੋਸ਼ੀਆਂ ਨੇ ਹੀ ਜ਼ਮੀਨ ਦੇ ਵਿਵਾਦ ਬਾਰੇ ਕੋਰਟ ਵਿੱਚ ਕੇਸ ਦਾਇਰ ਕੀਤਾ ਹੈ, ਫਿਰ ਵੀ ਨਾਜਾਇਜ਼ ਤੌਰ ਉੱਤੇਉਸਾਰੀ ਕਰ ਰਹੇ ਸਨ।

# ਪੰਜਾਬ ਸਰਕਾਰ ਵੱਲੋਂ ਗੈਰ ਹਾਜ਼ਰ ਟੀਚਰਾਂ ਉਤੇ ਕਾਰਵਾਈ ਕਰਨ ਦੀ ਤਿਆਰੀ

ਮੋਹਾਲੀ, 25 ਮਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਕੋਲੋਂ ਲੰਬੇ ਸਮੇਂ ਤੋਂ ਗੈਰ ਹਾਜ਼ਰ ਟੀਚਰਾਂ ਦੇ ਵੇਰਵੇ ਮੰਗੇ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਇੱਕ ਮੀਟਿੰਗ ਦੌਰਾਨ ਇਸ ਵਿਭਾਗ ਦੇ ਅਧਿਕਾਰੀਆਂ ਤੋਂ ਲੰਬੇ ਸਮੇਂ ਤੋਂ ਗੈਰ ਹਾਜ਼ਰ ਮੁਲਾਜ਼ਮਾਂ ਬਾਰੇ ਜਵਾਬ ਤਲਬ ਕੀਤਾ ਹੈ, ਜਿਸ ਦੇ ਬਾਅਦ ਸਕੂਲ ਮੁਖੀਆਂ ਨੂੰ ਇਨ੍ਹਾਂ ਦੀ ਸੂਚਨਾ ਦੇਣ ਦੇ ਹੁਕਮ ਜਾਰੀ ਕੀਤੇ ਗਏ ਹਨ।

ਪਤਾ ਲੱਗਾ ਹੈ ਕਿ ਇਨ੍ਹਾਂ ਵਿੱਚ ਗੈਰ ਹਾਜ਼ਰ ਜ਼ਿਆਦਾਤਰ ਉਹ ਹਨ, ਜਿਹੜੇ ਵਿਦੇਸ਼ ਜਾਣ ਦੀ ਛੁੱਟੀ ਲੈ ਕੇ ਗਏ ਸਨ, ਪਰ ਵਾਪਸ ਨਹੀਂ ਆਏ।



ਅਜਿਹੇ ਵੇਰਵੇ ਪਹਿਲਾਂ ਵੀ ਦੇਣ ਲਈ ਹੁਕਮ ਜਾਰੀ ਹੁੰਦੇ ਸਨ, ਇਸ ਦੇ ਬਾਵਜੂਦ ਜ਼ਿਲ੍ਹਾ ਸਿੱਖਿਆ ਅਫਸਰਾਂ ਨੇ ਕਦੇ ਪੂਰੇ ਵੇਰਵੇ ਪ੍ਰਾਪਤ ਨਹੀਂ ਦਿੱਤੇ। ਇਸੇ ਲਈ ਤਾਜ਼ਾ ਪੱਤਰ ਵਿੱਚ ਸਖਤੀ ਨਾਲ ਕਿਹਾ ਗਿਆ ਹੈ ਕਿ ਜੇ ਕਿਸੇ ਸਕੂਲ ਵਿੱਚੋਂ ਪੂਰੀ ਸੂਚਨਾ ਨਾ ਮਿਲ ਤਾਂ ਸਬੰਧਤ ਅਧਿਕਾਰੀ ਜ਼ਿੰਮੇਵਾਰ ਹੋਣਗੇ।ਡੀ ਪੀ ਆਈ ਸੈਕੰਡਰੀ ਨੇ ਇੱਕ ਪ੍ਰੋਫਾਰਮਾ ਵੀ ਜਾਰੀ ਕੀਤਾ ਹੈ, ਜਿਸ ਵਿੱਚ ਗੈਰ ਹਾਜ਼ਰ ਟੀਚਰਾਂ ਬਾਰੇ ਅੱਠ ਤਰ੍ਹਾਂ ਦੇ ਵੇਰਵੇ ਭਰਨ ਲਈ ਕਿਹਾ ਗਿਆ ਹੈ, ਇਸ ਵਿੱਚ ਟੀਚਰ ਦਾ ਨਾਂਅ ਤੇ ਉਸ ਦੇ ਗੈਰ ਹਾਜ਼ਰ ਹੋਣ ਦਾ ਸਮਾਂ ਤੇ ਕਾਰਨ ਪੁੱਛਿਆ ਗਿਆ ਹੈ। ਟੀਚਰ ਦਾ ਮੌਜੂਦਾ ਸਟੇਟਸ ਅਤੇ ਗੈਰ ਹਾਜ਼ਰੀ ਵੇਲੇ ਉਸ ਦੇ ਕੇਸ ਦੀ ਜਾਂਚ ਕਰਨ ਵਾਲੇ ਅਫਸਰ ਦਾ ਨਾਂਅ ਵੀ ਮੰਗਿਆ ਗਿਆ ਹੈ। ਇਹ ਵੀ ਜਾਣਕਾਰੀ ਮੰਗੀ ਗਈ ਹੈ ਕਿ ਅੱਜ ਤਕ ਸਬੰਧਤ ਟੀਚਰ ਵਿਰੁੱਧ ਕਾਰਵਾਈ ਕੀ ਕੀਤੀ ਹੈ। ਪ੍ਰੋਫਾਰਮੇ ਮੁਤਾਬਕ ਜੇ ਸਮਾਂਬੱਧ ਜਾਣਕਾਰੀ ਨਹੀਂ ਦਿੱਤੀ ਜਾਂਦੀ ਤਾਂ ਸਬੰਧਤ ਦਫਤਰ ਇਸ ਦਾ ਜ਼ਿੰਮੇਵਾਰ ਹੋਵੇਗਾ।

## 'ਪਿੰਡ ਬਾਬੇ ਨਾਨਕ ਦਾ' ਪ੍ਰਾਜੈਕਟ ਲਈ ਟੈਂਡਰ ਜਾਰੀ ਕਰਨ ਦੇ ਹੁਕਮ

ਚੰਡੀਗੜ੍ਹ, 25 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਨੂੰ ਸੁਲਤਾਨਪੁਰ ਲੋਧੀ ਵਿੱਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਜੈਕਟ 'ਪਿੰਡ ਬਾਬੇ ਨਾਨਕ ਦਾ' ਲਈ ਸੰਸਾਰ ਪੱਧਰ ਉੱਤੇ ਟੈਂਡਰ ਜਾਰੀ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾ ਵਿਭਾਗ ਨੂੰ ਕਿਹਾ ਕਿ ਉਹ ਪੰਜ ਸੌ ਕਰੋੜ ਰੁਪਏ ਲਾਗਤ ਨਾਲ 40 ਏਕੜ ਰਕਬੇ ਵਿੱਚ ਬਣਨ ਵਾਲੇ ਇਸ ਪ੍ਰੋਜੈਕਟ ਦੀ ਉਸਾਰੀ ਲਈ ਵਿਸ਼ਵ ਪ੍ਰਸਿੱਧ ਆਰਕੀਟੈਕਟਾਂ ਦੀਆਂ ਸੇਵਾਵਾਂ ਲੈਣ ਦਾ ਕੰਮ ਸ਼ੁਰੂ ਕਰਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕੱਲ੍ਹ ਏਥੇ ਆਨੰਦਪੁਰ ਸਾਹਿਬ ਫਾਊਂਡੇਸ਼ਨ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਸੈਰ ਸਪਾਟਾ ਵਿਭਾਗ ਨੂੰ ਆਨੰਦਪੁਰ



ਸਾਹਿਬ ਵਿੱਚ ਬਣਨ ਵਾਲੀ ਭਾਈ ਜੈਤਾ ਜੀ ਯਾਦਗਾਰ ਨੂੰ ਇਸੇ ਸਾਲ ਦਸੰਬਰ ਤਕ ਹਰ ਹੀਲੇ ਮੁਕੰਮਲ ਕਰਨ ਦੇ ਵੀ ਹੁਕਮ ਦਿੱਤੇ। ਇਸ ਦੇ ਨਾਲ ਉਨ੍ਹਾਂ ਵਿਭਾਗ ਨੂੰ ਵਿਰਾਸਤ-ਏ-ਖਾਲਸਾ ਦੀ ਹੱਦ ਅੰਦਰ 10 ਕਰੋੜ ਰੁਪਏ ਲਾਗਤ ਨਾਲ ਬਣਾਏ ਜਾ ਰਹੇ ਨੇਚਰ ਪਾਰਕ ਨੂੰ ਦਸੰਬਰ ਤਕ ਮੁਕੰਮਲ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਅੰਮ੍ਰਿਤਸਰ ਸਭਿਆਚਾਰਕ ਤੇ ਸੈਰ ਸਪਾਟਾ ਅਥਾਰਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅੰਮ੍ਰਿਤਸਰ ਵਿੱਚ ਗੋਲਡਨ ਟੈਂਪਲ ਪਲਾਜ਼ਾ ਸਮੇਤ ਵੱਖ-ਵੱਖ ਵਿਰਾਸਤੀ ਅਤੇ ਸੈਰ ਸਪਾਟਾ ਤੇ ਸਭਿਆਚਾਰਕ ਥਾਵਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ।ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸੈਰ ਸਪਾਟਾ ਮੰਤਰੀ ਹਰਜੋਤ ਬੈਂਸ, ਚੀਫ ਸੈਕਟਰੀ ਅਨਿਰੁੱਧ ਤਿਵਾੜੀ ਤੇ ਐਡੀਸ਼ਨਲਚੀਫ ਸੈਕਟਰੀ ਏ. ਵੇਣੂ ਗੋਪਾਲ ਪ੍ਰਸਾਦ ਆਦਿ ਹਾਜ਼ਰ ਸਨ।

## ਵਿਜੇ ਸਿੰਗਲਾ ਦੀ ਗ੍ਰਿਫਤਾਰੀ ਹੋਣ ਮਗਰੋਂ ਉਸ ਦਾ ਪਿੰਡ ਭੁਪਾਲ ਕਲਾਂ ਉਦਾਸ

ਚੰਡੀਗੜ੍ਹ, 25 ਮਈ (ਪੋਸਟ ਬਿਊਰੋ)- ਸਿਹਤ ਮੰਤਰੀ ਵਿਜੇ ਸਿੰਗਲਾ ਦਾ ਜੱਦੀ ਪਿੰਡ ਭੁਪਾਲ ਕਲਾਂ ਉਦਾਸ ਹੈ। ਮਾਨਸਾ ਜ਼ਿਲ੍ਹੇ ਵਿੱਚ ਪੈਂਦੇ ਇਸ ਪਿੰਡ ਉਦੋਂ ਖੁਸ਼ੀਆਂ ਸਨ, ਜਦੋਂ ਵਿਜੇ ਸਿੰਗਲਾ ਨੇ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕੀ ਸੀ। ਕੱਲ੍ਹ ਜਦੋਂ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਸਿਹਤ ਮੰਤਰੀ ਫੜੇ ਗਏ ਤਾਂ ਉਨ੍ਹਾਂ ਦਾ ਪਿੰਡ ਉਦਾਸ ਹੈ।

ਪਿੰਡ ਭੁਪਾਲ ਦੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾ ਨੂੰ ਸਿਹਤ ਮੰਤਰੀ ਤੋਂ ਉਮੀਦਾਂ ਸਨ, ਜਿਨ੍ਹਾਂ ਉੱਤੇ ਪਾਣੀ ਫਿਰ ਗਿਆ ਹੈ। ਕਰੀਬ ਤਿੰਨ ਹਜ਼ਾਰ ਵੋਟ ਵਾਲੇ ਇਸ ਪਿੰਡ ਨੇ ਵਿਜੇ ਸਿੰਗਲਾ ਨੂੰ ਇੱਕਤਰਫਾ ਵੋਟਾਂ ਪਾਈਆਂ ਸਨ।ਪਿੰਡ ਦੇ ਯੂਥ ਆਗੂ ਚੁਸਪਿੰਦਰ ਵੀਰ ਸਿੰਘ ਚਹਿਲ ਨੇ ਕਿਹਾ ਕਿ ਵਿਜੇ ਸਿੰਗਲਾ ਦੀ ਚੋਣ ਵੇਲੇ ਪਿੰਡ ਦੇ ਲੋਕਾਂ ਨੇ ਜੋਸ਼ ਨਾਲ ਵੋਟਾਂ ਪਾਈਆਂ ਸਨ, ਪਰ ਭ੍ਰਿਸ਼ਟਾਚਾਰ ਦੀ ਖਬਰ ਨਾਲ ਲੋਕਾਂ ਨੂੰ ਝਟਕਾ ਲੱਗਿਆ ਹੈ। ਉਨ੍ਹਾਂ ਕਿਹਾ ਕਿ ਪਿੰਡ ਦੇ ਕੁਝ ਲੋਕ ਇਹ ਵੀ ਸੋਚਦੇ ਹਨ ਕਿ ਮੰਤਰੀ ਨਾਲ ਧੱਕਾ ਹੋਇਆ ਹੈ, ਪਰ ਇਸ ਖਬਰ ਨੇ ਲੋਕਾਂ ਨੂੰ ਤਕਲੀਫ ਦਿੱਤੀ ਹੈ।

ਦੇਖਿਆ ਜਾਵੇ ਤਾਂ ਇਕੱਲਾ ਭੁਪਾਲ ਪਿੰਡ ਨਹੀਂ, ਮਾਨਸਾ ਜ਼ਿਲ੍ਹੇ ਨੂੰ ਸੱਟ ਵੱਜੀ ਹੈ, ਕਿਉਂਕਿ ਪਹਿਲੀ ਵਾਰ ਮਾਨਸਾ ਨੂੰ ਕੈਬਨਿਟ ਮੰਤਰੀ ਮਿਲਿਆ ਸੀ। ਇਸ ਤੋਂ ਪਹਿਲਾਂ ਸ਼ੇਰ ਸਿੰਘ ਗਾਗੋਵਾਲ ਇਸ ਜ਼ਿਲ੍ਹੇ ਦੇ ਰਾਜ ਮੰਤਰੀ ਰਹੇ ਹਨ। ਵਿਜੇ ਸਿੰਗਲਾ ਦੇ ਪਰਵਾਰ ਦੇ ਫੋਨ ਬੰਦ ਹਨ। ਪਿੰਡ ਦੇ ਆਗੂ ਸੁਖਦੇਵ ਸਿੰਘ ਭੁਪਾਲ ਕਲਾਂ ਮੁਤਾਬਕ ਪਿੰਡ ਦੇ ਲੋਕ ਉਦਾਸ ਹਨ ਅਤੇ ਉਨ੍ਹਾ ਨੂੰ ਕੋਈ ਗੱਲ ਸਮਝ ਨਹੀਂ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕ ਇਹ ਵੀ ਆਖਦੇ ਹਨ ਕਿ ਕਿਤੇ ਸਿੰਗਲਾ ਨੂੰ ਫਸਾਇਆ ਤਾਂ ਨਹੀਂ ਗਿਆ। ਸਿਹਤ ਮੰਤਰੀ ਦੇ ਪਿਤਾ ਕੇਸੋ ਰਾਮ ਦਾ ਪਿੰਡ ਵਿੱਚ ਗੇੜਾ ਰਹਿੰਦਾ ਰਿਹਾ ਹੈ।ਮੰਤਰੀ ਨੇ ਦਸਵੀਂ ਕਲਾਸ ਤਕ ਦੀ ਪੜ੍ਹਾਈ ਆਪਣੇ ਪਿੰਡ ਭੁਪਾਲ ਤੋਂ ਕੀਤੀ ਸੀ। ਕਰੀਬ ਸੱਤ ਸਾਲਾਂ ਤੋਂ ਉਹ ਆਮ ਆਦਮੀ ਪਾਰਟੀ ਨਾਲ ਜੁੜੇ ਹੋਏ ਸਨ। ਉਨ੍ਹਾਂ ਨੇ ਜਦੋਂ ਰਿਕਾਰਡ ਵੋਟਾਂ ਦੇ ਫਰਕ ਨਾਲ ਮਾਨਸਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਗਾਇਕ ਸਿੱਧੂ ਮੂਸੇਵਾਲਾ ਨੂੰ ਹਰਾਇਆ ਤਾਂ ਉਨ੍ਹਾਂ ਦੀ ਗੁੱਡੀ ਚੜ੍ਹ ਗਈ ਸੀ। ਵਿਜੇ ਸਿੰਗਲਾ ਨੂੰ ਆਮ ਆਦਮੀ ਪਾਰਟੀ ਨੇ ਫਰਸ਼ ਤੋਂ ਅਰਸ਼ ਉੱਤੇ ਪਹੁੰਚਾ ਦਿੱਤਾ ਸੀ।ਹਲਕਾ ਮਾਨਸਾ ਦੇ ਲੋਕ ਆਖਦੇ ਹਨ ਕਿ ਸਿੰਗਲਾ ਖੁਦ ਕਾਫੀ ਠੀਕ ਸਮਝੇ ਜਾਂਦੇ ਸਨ, ਪਰ ਉਨ੍ਹਾਂ ਦੇ ਆਸਪਾਸ ਰਿਸ਼ਤੇਦਾਰਾਂ ਦਾ ਘੇਰਾ ਕਈ ਸ਼ੰਕੇ ਖੜ੍ਹੇ ਕਰਦਾ ਸੀ। ਮਾਲੀ ਤੌਰ ਉੱਤੇਵਿਜੇ ਸਿੰਗਲਾ ਮਜ਼ਬੂਤ ਪੁਜ਼ੀਸ਼ਨ ਵਿੱਚ ਸਨ। ਉਨ੍ਹਾਂ ਕੋਲ ਕਰੀਬ 6.50 ਕਰੋੜ ਰੁਪਏ ਦੀ ਜਾਇਦਾਦ ਹੈ ਅਤੇ ਬਠਿੰਡਾ ਅਤੇ ਮਾਨਸਾ ਵਿੱਚ ਦੋ ਮਕਾਨ ਹਨ ਅਤੇ ਮਾਨਸਾ ਜ਼ਿਲ੍ਹੇ ਵਿੱਚ ਇੱਕ ਹੋਟਲ ਅਤੇ ਦੁਕਾਨ ਵੀ ਹੈ। ਉਹ ਸਿਰਫ 66 ਦਿਨ ਮੰਤਰੀ ਰਹੇ ਹਨ।

# ਭ੍ਰਿਸ਼ਟਾਚਾਰ ਖਿਲਾਫ ਸਬੂਤਾਂ ਦੀਆਂ ਫਾਈਲਾਂ ਤੋਂ ਵਿਜੀਲੈਂਸ ਵੱਲੋਂ ਧੂੜ ਝਾੜਨੀ ਸ਼ੁਰੂ

*** ਸਿੰਜਾਈ ਘੁਟਾਲੇ ਵਾਲੇ ਆਗੂਆਂ ਤੇ ਅਫਸਰਾਂ ਵਿਰੁੱਧ ਕਾਰਵਾਈ ਦੇ ਆਸਾਰ**

ਚੰਡੀਗੜ੍ਹ, 25 ਮਈ (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਸੇਵਾ-ਮੁਕਤ ਅਫਸਰਾਂ, ਸਾਬਕਾ ਮੰਤਰੀਆਂ ਤੇ ਨੌਕਰੀ ਕਰ ਰਹੇ ਅਫਸਰਾਂ ਵਿਰੁੱਧ ਵਿਜੀਲੈਂਸ ਵੱਲੋਂ ਦਰਜ ਕੇਸਾਂ ਵਿੱਚ ਵੀ ਹਿਲਜੁਲ ਹੋਣ ਲੱਗੀ ਹੈ। ਜਾਣਕਾਰ ਸੂਤਰਾਂ ਦੇ ਅਨੁਸਾਰ ਅਕਾਲੀ-ਭਾਜਪਾ ਸਰਕਾਰ ਸਮੇਂ ਸਿੰਜਾਈ ਵਿਭਾਗ ਵਿੱਚ ਹੋਏ ਬਹੁ-ਕਰੋੜੀ ਘਪਲੇ ਦੀਆਂ ਪਰਤਾਂ ਵੀ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ ਹਨ। ਸਿਹਤ ਮੰਤਰੀ ਦੇ ਖਿਲਾਫ ਮੁੱਖ ਮੰਤਰੀ ਭਗਵੰਤ ਮਾਨ ਦੀ ਵੱਡੀ ਕਾਰਵਾਈ ਪਿੱਛੋਂ ਇਸ ਘਪਲੇ ਨਾਲ ਜੁੜੇ ਸਿਆਸੀ ਆਗੂ ਅਤੇ ਅਧਿਕਾਰੀ ਆਪਣੇ ਬਚਾਅ ਲਈ ਭੱਜ ਦੌੜ ਕਰਨ ਲੱਗ ਪਏ ਹਨ। ਪਤਾ ਲੱਗਾ ਹੈ ਕਿ ਸਿੰਜਾਈ ਵਿਭਾਗ ਵਿੱਚ ਟੈਂਡਰਾਂ ਦੀ ਅਲਾਟਮੈਂਟ ਮੌਕੇ ਹੋਈਆਂ ਬੇਨਿਯਮੀਆਂ ਬਾਰੇ ਵਿਜੀਲੈਂਸ ਬਿਊਰੋ ਨੇ ਵਿਭਾਗ ਦੇ ਦੋ ਅਫਸਰਾਂ ਸਣੇ ਚਾਰ ਸੇਵਾਮੁਕਤ ਲੋਕਾਂਨੇ ਗੈਰ ਕਾਨੂੰਨੀ ਤੀਹ ਤੋਂ ਵੱਧ ਜਾਇਦਾਦਾਂ ਬਣਾਈਆਂ ਸਨ। ਇਸ ਕੇਸ ਵਿੱਚ ਐਕਸੀਅਨ ਗੁਲਸ਼ਨ ਨਾਗਪਾਲ, ਚੀਫ ਇੰਜੀਨੀਅਰ (ਸੇਵਾਮੁਕਤ) ਪਰਮਜੀਤ ਸਿੰਘ ਘੁੰਮਣ, ਐਕਸੀਅਨ ਬਜਰੰਗ ਲਾਲ ਸਿੰਗਲਾ, ਚੀਫ ਇੰਜੀਨੀਅਰ (ਸੇਵਾਮੁਕਤ) ਹਰਵਿੰਦਰ ਸਿੰਘ, ਐਸ ਡੀ ਓ (ਸੇਵਾਮੁਕਤ) ਕਮਿੰਦਰ ਸਿੰਘ ਦਿਓਲ, ਚੀਫ ਇੰਜੀਨੀਅਰ (ਸੇਵਾ-ਮੁਕਤ) ਗੁਰਦੇਵ ਸਿੰਘ ਅਤੇ ਵਿਮਲ ਕੁਮਾਰ ਸ਼ਰਮਾ ਸੁਪਰਵਾਈਜ਼ਰ ਸਣੇ ਸਿੰਜਾਈ ਵਿਭਾਗ ਦੇ ਕੁਝ ਹੋਰ ਅਫਸਰਾਂ, ਇੰਜੀਨੀਅਰਾਂ ਤੇ ਕਰਮਚਾਰੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ। ਪੜਤਾਲ ਮਗਰੋਂ ਵਿਜੀਲੈਂਸ ਅਫਸਰਾਂ ਨੇ ਦਾਅਵਾ ਕੀਤਾ ਸੀ ਕਿ ਅਕਾਲੀ-ਭਾਜਪਾ ਸਰਕਾਰ ਸਮੇਂ ਰਾਜ ਦੇ ਸੀਨੀਅਰ ਅਧਿਕਾਰੀਆਂ ਤੇ ਸਿੰਜਾਈ ਵਿਭਾਗ ਦੇ ਅਧਿਕਾਰੀਆਂ ਨੇ ਮਿਲੀਭਗਤ ਨਾਲ ਈ-ਟੈਂਡਰਿੰਗ ਦੇ ਨਿਯਮਾਂ ਨੂੰ ਅੱਖੋਂ-ਪਰੋਖੇ ਕਰਦੇ ਹੋਏ ਛੋਟੇ ਟੈਂਡਰਾਂ ਨੂੰ ਰਲਾਉਣ ਮਗਰੋਂ ਵੱਡਾ ਟੈਂਡਰ ਬਣਾ ਕੇ ਗੁਰਿੰਦਰ ਸਿੰਘ ਠੇਕੇਦਾਰ ਨੂੰ ਵਿੱਤੀ ਲਾਭ ਪੁਚਾਏ ਸਨ ਤੇ ਟੈਂਡਰਾਂ ਦੀ ਗੁਪਤ ਰੱਖਣ ਦੀ ਪ੍ਰਕਿਰਿਆ ਨੂੰ ਢਾਹ ਲਾਈ ਸੀ। ਇਸ ਠੇਕੇਦਾਰ ਨੂੰ ਲਗਭਗ 1000 ਕਰੋੜ ਰੁਪਏ ਦੇ ਟੈਂਡਰ ਅਲਾਟ ਹੋਏ, ਜਿਹੜੇ ਵੱਧ ਦਰਾਂ ਉੱਤੇ ਦਿੱਤੇ ਗਏ। ਜਾਣਕਾਰ ਸੂਤਰਾਂ ਅਨੁਸਾਰ ਵਿਜੀਲੈਂਸ ਬਿਊਰੋ ਨੇ ਕਰੀਬ 150 ਸਫਿਆਂ ਦੀ ਫਾਈਲ ਕਾਂਗਰਸ ਦੇ ਰਾਜ ਸਮੇਂ ਕਈ ਵਾਰ ਮੁੱਖ ਮੰਤਰੀ ਦਫਤਰ ਨੂੰ ਭੇਜੀ, ਪਰ ਕਾਰਵਾਈ ਨਹੀਂ ਹੋਈ। ਇਸ ਫਾਈਲ ਵਿੱਚ ਇੱਕ ਸੇਵਾਮੁਕਤ ਆਈ ਏ ਐਸ ਅਫਸਰ ਦੇ ਪੁੱਤਰ ਦੀ ਚਰਚਿਤ ਠੇਕੇਦਾਰ ਨਾਲ ਹਿੱਸਾ-ਪੱਤੀ ਦੇ ਸਬੂਤ ਵੀ ਲਾਏ ਗਏ ਸਨ।ਮੁੱਖ ਮੰਤਰੀ ਭਗਵੰਤ ਮਾਨ ਨੇ ਸਿਵਲ ਤੇ ਪੁਲਸ ਅਫਸਰਾਂ ਨੂੰ ਸਪੱਸ਼ਟ ਕੀਤਾ ਹੈ ਕਿ ਭ੍ਰਿਸ਼ਟਾਚਾਰ ਵਾਲੇਕੇਸ ਬਾਰੇ ਸਰਕਾਰ ਕਿਸੇ ਨੂੰ ਬਖਸ਼ੇਗੀ ਨਹੀਂ, ਭਾਵੇਂ ਉਹ ਸਰਕਾਰ ਨਾਲ ਸਬੰਧਤ ਹੀ ਕਿਉਂ ਨਾ ਹੋਵੇ। ਸਿਹਤ ਮੰਤਰੀ ਵਿਜੇ ਸਿੰਗਲਾ ਦੀ ਬਰਖਾਸਤਗੀ ਅਤੇ ਕੇਸ ਦਰਜ ਹੋਣ ਤੋਂ ਬਾਅਦ ਵਿਜੀਲੈਂਸ ਤੇ ਪੁਲਸ ਵਿਭਾਗ ਵਿੱਚ ਵੱਡੀ ਹਿਲਜੁਲ ਹੋ ਰਹੀ ਹੈ। ਸੀਨੀਅਰ ਅਧਿਕਾਰੀਆਂ ਦਾ ਦੱਸਣਾ ਹੈ ਕਿ ਮਾਰਚ ਮਹੀਨੇ ਸਰਕਾਰ ਬਣਨ ਤੋਂ ਤੁਰੰਤ ਬਾਅਦ ਹੀ ਸਰਕਾਰ ਨੇ ਪੁਲਸ ਵਿਭਾਗ ਦੇ ਚਾਰ ਦਰਜਨ ਤੋਂ ਵੱਧ ਕਰਮਚਾਰੀਆਂ ਤੇ ਨਾਨ-ਗਜ਼ਟਿਡ ਅਫਸਰਾਂ ਨੂੰ ਸਸਪੈਂਡ ਕਰ ਕੇ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਬਾਰੇ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਸੀ, ਪਰ ਮਗਰੋਂ ਇਹ ਗੱਲ ਦੱਬ ਗਈ ਸੀ, ਤੇ ਫਿਰ ਉੱਠ ਪਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਭਾਰਤ ਭਰ ਵਿੱਚੋਂ ਪੰਜਾਬ ਹਥਿਆਰਾਂ ਦੀ ਦੂਜੀ ਸਭ ਤੋਂ ਵੱਡੀ ਮੰਡੀ

ਜਲੰਧਰ, 25 ਮਈ (ਪੋਸਟ ਬਿਊਰੋ)- ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਸਿੱਖਾਂ ਨੂੰ ਆਧੁਨਿਕ ਹਥਿਆਰ ਰੱਖਣ ਦੀ ਅਪੀਲ ਬਾਰੇ ਵਾਦ-ਵਿਵਾਦ ਕਾਇਮ ਹੋਣਾ ਇੱਕ ਵੱਖਰਾ ਮੁੱਦਾ ਹੈ ਪਰ ਜਥੇਦਾਰ ਦੇ ਇਸ ਬਿਆਨ ਤੋਂ ਬਾਅਦ ਪੰਜਾਬ ਵਿੱਚ ਲਾਇਸੈਂਸੀ ਹਥਿਆਰ ਰੱਖਣ ਵਾਲਿਆਂ ਦੀ ਇੱਕ ਵਾਰ ਫਿਰ ਚਰਚਾ ਹੋ ਰਹੀ ਹੈ। ਪੰਜਾਬ ਵਿੱਚ ਇਸ ਵੇਲੇ ਲੱਗਭਗ ਪੰਜ ਲੱਖ ਲਾਇਸੈਂਸੀ ਹਥਿਆਰ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਪੰਜਾਬ ਦੀ ਸੁਰੱਖਿਆ ਕਰਨ ਵਾਲੀ ਪੰਜਾਬ ਪੁਲਸ ਕੋਲ ਹਥਿਆਰਾਂ ਦੀ ਗਿਣਤੀ ਸਵਾ ਲੱਖ ਤੋਂ ਕੁਝ ਉੱਪਰ ਹੈ। ਆਬਾਦੀ ਅਨੁਪਾਤ ਦੇਪੱਖੋਂ ਪੰਜਾਬ ਦੇਸ਼ ਵਿੱਚ ਦੂਜੇ ਨੰਬਰ ਉੱਤੇ ਹੈ, ਜਿੱਥੇ ਲੋਕਾਂ ਕੋਲ ਸਭ ਤੋਂ ਵੱਧ ਹਥਿਆਰ ਹਨ ਅਤੇ ਉਹ ਵੀ ਆਧੁਨਿਕ।

ਵਰਣਨਯੋਗ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਇੱਕ ਦਿਨ ਪਹਿਲਾਂ ਪੰਜਾਬ ਦੇ ਨੌਜਵਾਨਾਂ ਨੂੰ ਸੱਦਾ ਦਿੱਤਾ ਸੀ ਕਿ ਉਹ ਤਲਵਾਰਬਾਜ਼ੀ ਤੇ ਨਿਸ਼ਾਨੇਬਾਜ਼ੀ ਦੀ ਸਿਖਲਾਈ ਲੈਣ ਤੇ ਆਧੁਨਿਕ ਲਾਇਸੈਂਸੀ ਹਥਿਆਰ ਰੱਖਣ, ਕਿਉਂਕਿ ਦੇਸ਼ ਦਾ ਅਤੇ ਪੰਜਾਬ ਦਾ ਮਾਹੌਲ ਠੀਕ ਨਹੀਂ।ਉਨ੍ਹਾਂ ਦੇ ਇਸ ਬਿਆਨ ਦੀ ਮੁੱਖ ਮੰਤਰੀ ਭਗਵੰਤ ਮਾਨ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਅਤੇ ਭਾਜਪਾ ਨੇਤਾਵਾਂ ਤੱਕ ਨੇ ਆਲੋਚਨਾ ਕੀਤੀ ਹੈ, ਪਰ ਅਕਾਲੀ ਦਲ ਇਸ ਬਾਰੇ ਮੂਕ ਦਰਸ਼ਕ ਨਜ਼ਰ ਆਇਆ ਹੈ ਅਤੇ ਕੋਈ ਪ੍ਰਤੀਕਿਰਿਆ ਨਹੀਂ ਦੇ ਰਿਹਾ।

ਉਤਰ ਪ੍ਰਦੇਸ਼ ਅਜਿਹਾ ਸੂਬਾ ਹੈ ਜਿਸ ਕੋਲ 12 ਲੱਖ ਤੋਂ ਵੱਧ ਲਾਇਸੈਂਸੀ ਹਥਿਆਰ ਹਨ। ਦਿਲਚਸਪ ਗੱਲ ਇਹ ਹੈ ਕਿ ਭੂਗੋਲਿਕ ਤੌਰ ਉੱਤੇ ਉਤਰ ਪ੍ਰਦੇਸ਼ ਪੰਜਾਬ ਦੇ ਮੁਕਾਬਲੇ ਕਈ ਗੁਣਾਂ ਵੱਡਾ ਹੈ। ਇਸ ਬਾਰੇ ਪੰਜਾਬ ਦਾ ਨੰਬਰ ਦੂਜਾ ਹੈ, ਜਿੱਥੇ ਲੱਗਭਗ ਪੰਜ ਲੱਖ ਲਾਇਸੈਂਸੀ ਹਥਿਆਰ ਹਨ। ਪਹਿਲਾਂ



ਦੂਜਾ ਸਥਾਨ ਜੰਮੂ-ਕਸ਼ਮੀਰ ਦਾ ਸੀ, ਜਿਸ ਨੂੰ ਪੰਜਾਬ ਨੇ ਪਛਾੜ ਦਿੱਤਾ ਹੈ। ਇਸ ਸਾਲ ਫਰਵਰੀ ਵਿੱਚ ਹੋਰ ਰਾਜਾਂ ਦੇ ਨਾਲ ਪੰਜਾਬ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਚੋਣ ਕਮਿਸ਼ਨ ਦੀਆਂ ਹਦਾਇਤਾਂ ਉੱਤੇ ਲੋਕਾਂ ਨੂੰ ਲਾਇਸੈਂਸੀ ਹਥਿਆਰ ਜਮ੍ਹਾ ਕਰਾਉਣ ਦੇ ਹੁਕਮ ਹੋਏ ਸਨ। ਉਸ ਵੇਲੇ ਪਤਾ ਲੱਗਾ ਸੀ ਕਿ ਪੰਜਾਬ ਵਿੱਚ ਇੰਨੇ ਲਾਇਸੈਂਸੀ ਹਥਿਆਰ ਹਨ। ਇਹ ਗਿਣਤੀ ਸਿਰਫ਼ ਲਾਇਸੈਂਸੀ ਹਥਿਆਰਾਂ ਦੀ ਹੈ, ਚੋਣਾਂ ਦੌਰਾਨ ਪੁਲਸ ਨੇ ਵੱਡੀ ਗਿਣਤੀ ਵਿੱਚ ਗ਼ੈਰ-ਕਾਨੂੰਨੀ ਹਥਿਆਰ ਵੀ ਫੜੇ ਸਨ। ਹਥਿਆਰਾਂ ਦੀ ਗੁਣਵੱਤਾ ਪੱਖੋਂ ਪੰਜਾਬ ਪੁਲਸ ਕੋਲ ਇੰਡੀਅਨ ਆਰਡੀਨੈਂਸ ਫੈਕਟਰੀ ਵਿੱਚ ਬਣੇ ਪਿਸਤੌਲ ਹਨ। ਦੂਜੇ ਪਾਸੇ ਪੰਜਾਬ ਵਿੱਚ ਅਜਿਹੇ ਲੋਕਾਂ ਦੀ ਗਿਣਤੀ ਕਾਫ਼ੀ ਹੈ, ਜਿਨ੍ਹਾਂ ਕੋਲ ਵਿਦੇਸ਼ਾਂ ਦੀ ਬਣੀ ਫੁਲੀ ਆਟੋਮੈਟਿਕ ਪਿਸਤੌਲ ਅਤੇ ਅਮਰੀਕਾ ਵਿੱਚ ਬਣੀ ਮੈਗਨਮ ਵਰਗੀ ਪਿਸਤੌਲ ਹੈ। ਇਹ ਪਿਸਤੌਲ ਦੂਰ ਤਕ ਮਾਰ ਕਰਦੀ ਅਤੇ ਮਜ਼ਬੂਤ ਚੀਜ਼ਾਂ ਨੂੰ ਵੀ ਵਿੰਨ੍ਹ ਦਿੰਦੀ ਹੈ। ਹਥਿਆਰ ਰੱਖਣ ਦਾ ਸਭ ਤੋਂ ਵੱਧ ਸ਼ੌਕ ਪੰਜਾਬ ਦੇ ਮਾਲਵਾ ਖੇਤਰ ਦੇ ਲੋਕਾਂ ਨੂੰ ਹੈ। ਪੰਜਾਬ ਦੇ ਲੋਕ ਹਥਿਆਰਾਂ ਦਾ ਲਾਇਸੈਂਸ ਬਣਵਾਉਣ ਲਈ ਸਿਆਸਤਦਾਨਾਂ ਦੀ ਸਿਫ਼ਾਰਸ਼ ਵੀ ਕਰਾਉਂਦੇ ਰਹਿੰਦੇ ਹਨ।20 ਸਾਲ ਪਹਿਲਾਂ ਫਿਰੋਜ਼ਪੁਰ ਵਿੱਚ ਅਸਲਾ ਲਾਇਸੈਂਸ ਕਾਂਡ ਦਾ ਪਰਦਾਫਾਸ਼ ਹੋਇਆ ਤਾਂ ਇਹ ਗੱਲ ਸਪੱਸ਼ਟ ਹੋਈ ਸੀ ਕਿ ਮਾਲਵਾ ਖੇਤਰ ਦੇ ਲੋਕਾਂ ਦਾ ਕਰੇਜ਼ ਹਥਿਆਰ ਰੱਖਣ ਵੱਲ ਵੱਧ ਹੈ। ਕਦੇ ਮਾਝਾ ਖੇਤਰ ਦਾ ਗੁਰਦਾਸਪੁਰ ਲਾਇਸੈਂਸੀ ਹਥਿਆਰ ਰੱਖਣ ਵਿੱਚ ਸਭ ਤੋਂ ਅੱਗੇ ਸੀ। ਹਥਿਆਰਾਂ ਵਿੱਚ ਬਹੁਤੇ ਨੌਜਵਾਨ 32 ਬੋਰ ਦਾ ਕਾਨਪੁਰੀ ਰਿਵਾਲਵਰ ਰੱਖਦੇ ਹਨ, ਜਿਸ ਦੀ ਕੀਮਤ 80 ਹਜ਼ਾਰ ਤੋਂ ਵੱਧ ਹੈ।ਲੋਕਾਂ ਨੇ ਹਥਿਆਰਾਂ ਦੀ ਵਰਤੋਂ ਸੂਬੇ ਜਾਂ ਦੇਸ਼ ਦੇ ਹਿੱਤ ਵਿੱਚ ਕੀਤੀ ਹੋਵੇ ਜਾਂ ਸਮਾਜ ਦੇ ਹਿੱਤ ਵਿੱਚ, ਅਜਿਹੇ ਮਾਮਲੇ ਬੇਹੱਦ ਘੱਟ ਹਨ ਪਰ ਲਾਇਸੈਂਸੀ ਹਥਿਆਰਾਂ ਦੀ ਵਰਤੋਂ ਵਿਆਹ-ਸ਼ਾਦੀਆਂ ਵਿੱਚ ਅਤੇ ਖੁਸ਼ੀ ਦੇ ਮੌਕਿਆਂ ਉੱਤੇ ਫਾਇਰ ਦਾਗਣ ਵਿੱਚ ਹੋਈ ਹੈ, ਇਸ ਦੇ ਅਨੇਕਾਂ ਕੇਸ ਹਨ। ਪੰਜਾਬ ਦੇ ਪੇਂਡੂ ਖੇਤਰ ਵਿੱਚ ਜ਼ਮੀਨ ਜਾਂ ਸਿੰਚਾਈ ਪਾਣੀ ਦੇ ਵਿਵਾਦ ਬਾਰੇ ਹਥਿਆਰਾਂ ਦੀ ਵਰਤੋਂ ਦੇ ਕੇਸ ਵੀ ਬਹੁਤ ਹਨ। ਪੰਜਾਬੀ ਗਾਣਿਆਂ ਵਿੱਚ ਹਥਿਆਰਾਂ ਦੀ ਵਰਤੋਂ ਨਾਲ ਹਿੰਸਾ ਦੇ ਮਾਮਲੇ ਵੀ ਸਾਹਮਣੇ ਆ ਚੁੱਕੇ ਹਨ ਪਰ ਆਤਮ-ਰੱਖਿਆ ਵਿੱਚ ਲਾਇਸੈਂਸੀ ਹਥਿਆਰਾਂ ਦੀ ਵਰਤੋਂ ਘੱਟ ਹੀ ਵੇਖੀ ਗਈ ਹੈ। ਪਿਛਲੇ ਦੋ ਮਹੀਨਿਆਂ ਤੋਂ ਕਾਨੂੰਨ ਵਿਵਸਥਾ ਨੂੰ ਚੁਣੌਤੀ ਦੇਣ ਵਾਲੀਆਂ ਘਟਨਾਵਾਂ ਵੀ ਸਿੱਧੇ ਤੌਰ ਉੱਤੇ ਹਥਿਆਰਾਂ ਦੀ ਵਰਤੋਂ ਨਾਲ ਜੁੜੀਆਂ ਹਨ।

ਕੈਨੇਡੀਅਨ ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

Founder Editor — Jagdish Singh Grewal
Managing Director — Parminder Kaur Grewal
Contributing Editors — Gyan Singh, Sajandeep Singh
Office Admin
Graphic Designer — Angrez Singh, Komal Matharu
Photographer — Kanwaljit Singh Kanwal
Distributer Marketing: — Bhupinder Dhillon, Sajandeep Singh

Punjabi Post is a daily newspaper, published *Monday to Friday.* Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਕਰੰਟ ਲੱਗਣ ਨਾਲ ਦੋ ਵਿਅਕਤੀਆਂ ਦੀ ਮੌਤ, ਚਾਰ ਜ਼ਖਮੀ

ਪਾਇਲ, 25 ਮਈ (ਪੋਸਟ ਬਿਊਰੋ)- ਪਿੰਡ ਰੌਣੀ ਵਿੱਚ ਕੱਲ੍ਹ ਸ਼ਾਮ ਕਰੰਟ ਲੱਗਣ ਕਰਨ ਦੋ ਜਣਿਆਂ ਦੀ ਮੌਤ ਹੋ ਗਈ, ਜਦ ਕਿ ਚਾਰ ਜਣੇ ਜ਼ਖਮੀ ਹੋ ਗਏ ਹਨ। ਜ਼ਖਮੀਆਂ ਵਿੱਚੋਂ ਦੋ ਹਸਪਤਾਲ ਵਿੱਚ ਦਾਖਲ ਹਨ।

ਮਿਲੀ ਜਾਣਕਾਰੀ ਅਨੁਸਾਰ ਭਾਈ ਘਨ੍ਹਈਆ ਵੈਲਫੇਅਰ ਸੁਸਾਈਟੀ ਦਾ ਕਾਰਕੁਨ ਕੁਲਜੀਤ ਸਿੰਘ ਆਪਣੇ ਪਿਤਾ ਮਾਸਟਰ ਦਲੀਪ ਸਿੰਘ, ਹਰਵੀਰ ਸਿੰਘ ਕਾਕਾ, ਭੁਪਿੰਦਰ ਸਿੰਘ ਤੇ ਦੋ ਪਰਵਾਸੀ ਮਜ਼ਦੂਰਾਂ ਨਾਲ ਆਪਣੇ ਖੇਤ ਵਿੱਚ ਸ਼ੈਡ ਦੀਆਂ ਚਾਦਰਾਂ ਠੀਕ ਕਰ ਰਿਹਾ ਸੀ। ਇਸ ਵੇਲੇ ਸ਼ੈਡ ਦੀਆਂ ਚਾਦਰਾਂ ਬਿਜਲੀ ਦੀਆਂ ਢਿੱਲੀਆਂ ਲਟਕ ਰਹੀਆਂ ਤਾਰਾਂ ਨਾਲ ਜਾ ਲੱਗੀਆਂ, ਜਿਸ ਕਾਰਨ ਚਾਦਰਾਂ ਬਦਲ ਰਹੇ ਕੁਲਜੀਤ ਸਿੰਘ (50) ਅਤੇ



ਹਰਵੀਰ ਸਿੰਘ ਕਾਕਾ (25) ਨੂੰ ਕਰੰਟ ਦਾ ਝਟਕਾ ਲੱਗਿਆ ਅਤੇ ਦੋਵਾਂ ਦੀ ਮੌਕੇ ਉੱਤੇ ਮੌਤ ਹੋ ਗਈ। ਇਸ ਘਟਨਾ ਵਿੱਚ ਜ਼ਖਮੀ ਹੋਏ ਭੁਪਿੰਦਰ ਸਿੰਘ ਅਤੇ ਮਜ਼ਦੂਰ ਸੀਤਾ ਰਾਮ ਹਸਪਤਾਲ ਦਾਖਲ ਹਨ ਤੇ ਬਾਕੀ ਦੋ ਦੀ ਹਾਲਤ ਠੀਕ ਦੱਸੀ ਗਈ ਹੈ। ਪਿੰਡ ਵਾਸੀਆਂ ਨੇ ਇਸ ਘਟਨਾ ਲਈ ਬਿਜਲੀ ਵਿਭਾਗ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਬਿਜਲੀ ਵਿਭਾਗ ਦੀ ਲਾਪਰਵਾਹੀ ਨਾਲ ਇਹ ਹਾਦਸਾ ਹੋਇਆ ਹੈ, ਕਿਉਂਕਿ ਕੁਲਜੀਤ ਕਈ ਦਿਨਾਂ ਤੋਂ ਬਿਜਲੀ ਵਿਭਾਗ ਦੇ ਮੁਲਾਜ਼ਮਾਂ ਨੂੰ ਬਿਜਲੀ ਦੀਆਂ ਢਿੱਲੀਆਂ ਤਾਰਾਂ ਕੱਸਣ ਲਈ ਫੋਨ ਕਰ ਰਿਹਾ ਸੀ, ਪਰ ਵਿਭਾਗ ਵੱਲੋਂ ਤਾਰਾਂ ਠੀਕ ਨਹੀਂ ਕੀਤੀਆਂ ਗਈਆਂ।

## ਕਾਰੋਬਾਰੀ ਅਤੇ ਪੁੱਤਰ ਖ਼ਿਲਾਫ਼ ਸਾਬਕਾ ਵਿਧਾਇਕ ਪਿੰਕੀ ਵੱਲੋਂ ਦਰਜ ਕਰਵਾਏ ਤਿੰਨੇ ਕੇਸ ਝੂਠੇ ਨਿਕਲੇ

ਜਲੰਧਰ, 25 ਮਈ (ਪੋਸਟ ਬਿਊਰੋ)- ਕਾਂਗਰਸ ਸਰਕਾਰ ਦੇ ਦੌਰਾਨ ਮਸ਼ਹੂਰ ਕਾਰੋਬਾਰੀ ਵੀ ਪੀ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਕਰਨਪਾਲ ਸਿੰਘ ਦੇ ਖ਼ਿਲਾਫ਼ ਸਿਆਸੀ ਰੰਜਿਸ਼ ਹੇਠ ਸਾਬਕਾ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਦੇ ਦਬਾਅ ਹੇਠ ਥਾਣਾ ਸਦਰ ਫਿਰੋਜ਼ਪੁਰ ਵਿੱਚ ਦਰਜ ਕੇਸ ਝੂਠੇ ਨਿਕਲੇ ਹਨ। ਇਨ੍ਹਾਂ ਕੇਸਾਂ ਬਾਰੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵੱਲੋਂ ਦਿੱਤੀ ਰਿਪੋਰਟ ਦੇ ਆਧਾਰ ਉੱਤੇ ਪੁਲਸ ਨੇ ਕਰਨਪਾਲ ਸਿੰਘ ਅਤੇ ਵੀ ਪੀ ਸਿੰਘ ਨੂੰ ਬੇਕਸੂਰ ਕਰਾਰ ਦਿੱਤਾ ਅਤੇ ਪੁਲਸ ਰਿਪੋਰਟ ਦੇ ਆਧਾਰ ਉੱਤੇ ਅਦਾਲਤ ਨੇ ਵੀ ਉਨ੍ਹਾਂ ਨੂੰ ਬੇਕਸੂਰ ਕਰਾਰ ਦਿੱਤਾ ਹੈ। ਕਰਨਪਾਲ ਨੇ ਦੋਸ਼ ਲਾਇਆ ਕਿ ਇਹ ਸਾਰੇ ਝੂਠੇ ਕੇਸ ਫਿਰੋਜ਼ਪੁਰ ਸ਼ਹਿਰੀ ਹਲਕੇ ਦੇ ਵਿਧਾਇਕ ਰਹੇ ਪਰਮਿੰਦਰ ਸਿੰਘ ਪਿੰਕੀ ਅਤੇ ਉਸ ਦੇ ਸਾਲੇ ਬਿੱਟੂ ਸੰਘਾ ਨੇ ਸਿਆਸੀ ਰੰਜਿਸ਼ ਕਾਰਨ ਬਣਵਾਏ ਸਨ। ਵਰਨਣ ਯੋਗ ਹੈ ਕਿ ਦਲਜੀਤ ਸਿੰਘ ਨਾਂ ਦੇ ਬੰਦੇ ਨੇ ਥਾਣਾ ਸਦਰ ਫਿਰੋਜ਼ਪੁਰ ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਦੋ ਅਣਪਛਾਤੇ ਹਥਿਆਰਬੰਦ ਲੋਕਾਂ ਨੇ ਉਸ ਦੀ ਕਾਰ ਉੱਤੇ ਫਾਇਰਿੰਗ ਕੀਤੀ। ਥਾਣਾ ਸਦਰ ਦੀ ਪੁਲਸ ਨੇ ਅਣਪਛਾਤੇ ਬੰਦਿਆਂ ਖ਼ਿਲਾਫ਼ ਕੇਸ ਦਰਜ ਕੀਤਾ ਅਤੇ ਸਿਆਸੀ ਰੰਜਿਸ਼ ਕਾਰਨ ਪੁਲਸ ਨੇ ਦਲਜੀਤ ਸਿੰਘ, ਇਕਬਾਲ ਸਿੰਘ ਅਤੇ ਬੋਹੜ ਸਿੰਘ ਦੇ ਬਿਆਨ ਬਣਾ ਕੇ 16 ਨਵੰਬਰ 2020 ਨੂੰ ਇਸ ਕੇਸ ਵਿੱਚ ਕਰਨਪਾਲਅਤੇ ਜਰਨੈਲ ਸਿੰਘ ਨੂੰ ਨਾਮਜ਼ਦ ਕਰ ਦਿੱਤਾ, ਜਿਸ ਵਿੱਚ ਲਿਖਿਆ ਸੀ ਕਿ ਕਰਨਪਾਲ ਆਪਣੇ ਸਾਥੀਆਂ ਨਾਲ 23 ਅਕਤੂਬਰ 2020 ਨੂੰ ਜ਼ਿਲ੍ਹਾ ਕਚਹਿਰੀ ਫਿਰੋਜ਼ਪੁਰ ਦੀ ਕਾਰ ਪਾਰਕਿੰਗ ਵਿੱਚ ਗੱਲਾਂ ਕਰ ਰਹੇ ਸਨ ਕਿ ਦਲਜੀਤ ਸਿੰਘ ਵਾਸੀ ਦੁਲਚੀਕੇ, ਜੋ ਵਰਿੰਦਰਪਾਲ ਸਿੰਘ ਖ਼ਿਲਾਫ਼ ਗਵਾਹ ਬਣਿਆ ਫਿਰਦਾ ਹੈ, ਇਸ ਦਾ ਪੱਕਾ ਹੱਲ ਕਰਦੇ ਹਾਂ ਅਤੇ ਪਹਿਲਾਂ ਵੀ ਜਦੋਂ ਦਲਜੀਤ ਸਿੰਘ ਦੇ ਫਾਇਰ ਮਾਰੇ ਸਨ, ਉਸ ਸਮੇਂ ਹਨੇਰਾਂ



ਹੋਣ ਕਾਰਨ ਉਹ ਬਚ ਗਿਆ ਸੀ ਤਾਂ ਜਰਨੈਲ ਸਿੰਘ ਨੇ ਕਿਹਾ ਕਿ ਅੱਜ ਇਸ ਦਾ ਪੱਕਾ ਇਲਾਜ ਕਰਦੇ ਹਾਂ, ਜਦੋਂ ਕਿ ਅਸਲ ਵਿੱਚ ਅਜਿਹਾ ਕੁਝ ਵੀ ਨਹੀਂ ਸੀ।

ਇਸ ਦੀ ਜਾਂਚ ਲਈ ਐੱਸ ਪੀ(ਆਪ੍ਰੇਸ਼ਨ) ਫਿਰੋਜ਼ਪੁਰ ਦੀ ਅਗਵਾਈ ਹੇਠ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐੱਸ ਆਈ ਈ) ਬਣਾਈ ਗਈ ਸੀ, ਜਿਸ ਵਿੱਚ ਡੀ ਐਸ ਪੀ (ਪੀ ਆਈ ਬੀ) ਸਪੈਸ਼ਲ ਕ੍ਰਾਈਮ ਅਤੇ ਥਾਣਾ ਸਦਰ ਦੇ ਐਸ ਐਚ ਓ ਨੂੰ ਮੈਂਬਰ ਲਿਆ ਗਿਆ। ਇਸ ਟੀਮ ਨੇ ਐਸ ਐਸ ਪੀ ਫਿਰੋਜ਼ਪੁਰ ਨੂੰ ਰਿਪੋਰਟ ਦਿੱਤੀ ਕਿ ਜਾਂਚ ਦੌਰਾਨ 23 ਅਕਤੂਬਰ 2020 ਨੂੰ ਇਕਬਾਲ ਸਿੰਘ ਵਿਰਕ ਅਤੇ ਬੋਹੜ ਸਿੰਘ ਦਾ ਜ਼ਿਲ੍ਹਾ ਕਚਹਿਰੀ ਫਿਰੋਜ਼ਪੁਰ ਵਿੱਚ ਜਾਣਾ ਸਾਬਤ ਨਹੀਂ ਹੋਇਆ ਤੇ 16 ਨਵੰਬਰ 2020 ਨੂੰ ਸ਼ਾਮ ਚਾਰ ਵਜੇ ਪਿੰਡ ਦੁਲਚੀਕੇ ਦੇ ਖੇਤਾਂ ਵਿੱਚ ਦਲਜੀਤ ਸਿੰਘ, ਬੋਹੜ ਸਿੰਘ ਤੇ ਇਕਬਾਲ ਸਿੰਘ ਵਿਰਕ ਇਕੱਠੇ ਨਹੀਂ ਹੋਏ ਅਤੇ ਨਾ 16 ਨਵੰਬਰ 2020 ਨੂੰ ਰਾਤ 9 ਵਜੇ ਥਾਣਾ ਸਦਰ ਫਿਰੋਜ਼ਪੁਰ ਵਿਖੇ ਉਨ੍ਹਾਂ ਦੇ ਇਕੱਠੇ ਹੋਣ ਦੀ ਗੱਲ ਨਿਕਲੀ ਹੈ, ਨਾ ਇਨ੍ਹਾਂ ਦੀ ਲੋਕੇਸ਼ਨ ਤੋਂ ਅਜਿਹਾ ਕੁਝ ਸਾਬਤ ਹੁੰਦਾ ਹੈ। ਸਾਫ ਹੈ ਕਿ ਜਰਨੈਲ ਸਿੰਘ ਅਤੇ ਕਰਨਪਾਲ ਨੂੰ ਸਾਜ਼ਿਸ਼ ਤਹਿਤ ਮਨਘੜਤ ਕਹਾਣੀ ਬਣਾ ਕੇ ਝੂਠੇ ਕੇਸ ਵਿੱਚ ਫਸਾਇਆ ਜਾ ਰਿਹਾ ਹੈ ਅਤੇ ਕਿਉਂਕਿ ਇਹ ਕੇਸ ਲੱਗਭਗ ਦੋ ਸਾਲ ਪੁਰਾਣਾ ਹੈ ਅਤੇ ਦੋ ਸਾਲ ਬਾਅਦ ਦਲਜੀਤ ਸਿੰਘ ਵੱਲੋਂ ਬਿਆਨ ਦੇ ਕੇ ਇੱਕ ਸਾਜ਼ਿਸ਼ ਤਹਿਤ ਕਰਨਪਾਲ ਤੇ ਜਰਨੈਲ ਸਿੰਘ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਾਂਚ ਟੀਮ ਦੀ ਰਿਪੋਰਟ ਉੱਤੇ ਐਸ ਐਸ ਪੀ ਫਿਰੋਜ਼ਪੁਰ ਨੇ ਡੀ ਜੀ ਪੀ ਪੰਜਾਬ ਨੂੰ ਚਿੱਠੀ ਲਿਖ ਕੇ ਸਪੱਸ਼ਟ ਕੀਤਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਦੌਰਾਨ ਪਾਇਆ ਗਿਆ ਕਿ ਜਰਨੈਲ ਸਿੰਘ ਤੇ ਕਰਨਪਾਲ ਸਿੰਘ ਨੂੰ ਝੂਠੇ ਕੇਸ ਵਿੱਚ ਫਸਾਇਆ ਜਾ ਰਿਹਾ ਹੈ। ਇਸ ਦੇ ਆਧਾਰ ਉੱਤੇ ਪੁਲਸ ਨੇ ਕਰਨਪਾਲ ਆਦਿ ਨੂੰ ਬੇਕਸੂਰ ਕਰਾਰ ਦਿੱਤਾ ਹੈ। ਦੂਸਰੇ ਪਾਸੇ ਇਸ ਕੇਸ ਦੇ ਮੁੱਦਈ ਦਲਜੀਤ ਸਿੰਘ ਨੇ ਲਿਖਤੀ ਸ਼ਿਕਾਇਤਾਂ ਭੇਜ ਕੇ ਕਿਹਾ ਕਿ ਉਸ ਨੇ ਕਰਨਪਾਲ ਅਤੇ ਜਰਨੈਲ ਸਿੰਘ ਖ਼ਿਲਾਫ਼ ਕੋਈ ਬਿਆਨ ਨਹੀਂ ਦਿੱਤੇ ਅਤੇ ਓਦੋਂ ਦੇ ਐਸ ਐਚ ਓ ਵੱਲੋਂ ਸਿਆਸੀ ਦਬਾਅ ਹੇਠ ਆ ਕੇ ਝੂਠੇ ਬਿਆਨ ਬਣਾ ਕੇ ਸਾਜ਼ਿਸ਼ ਤਹਿਤ ਕਰਨਪਾਲ ਸਿੰਘ ਤੇ ਜਰਨੈਲ ਸਿੰਘ ਨੂੰ ਝੂਠੇ ਕੇਸ ਵਿੱਚ ਫਸਾਇਆ ਗਿਆ ਹੈ।

## ਰਾਜਪੁਰਾ ਨੇੜੇ ਦਰਜਨਾਂ ਪਿੰਡਾਂ ਦਾ ਧਰਤੀ ਹੇਠ ਪਾਣੀ ਖ਼ਤਮ ਹੋਣ ਕੰਢੇ

ਰਾਜਪੁਰਾ, 25 ਮਈ (ਪੋਸਟ ਬਿਊਰੋ)- ਇਸ ਇਲਾਕੇ ਦੇ ਦਰਜਨਾਂ ਪਿੰਡਾਂ ਦਾ ਪਾਣੀ ਲੱਗਭਗ ਖ਼ਤਮ ਹੋਣ ਕਿਨਾਰੇ ਹੈ ਤੇ ਹਰ ਸਾਲ ਖ਼ਤਰਨਾਕ ਹੱਦ ਤਕ ਡੂੰਘਾ ਹੁੰਦਾ ਜਾ ਰਿਹਾ ਹੈ। ਨੇੜਲੇ ਪਿੰਡ ਚਮਾਰੂ ਦੇ ਗੁਰਬਚਨ ਸਿੰਘ ਚਾਰ ਸਾਲਾਂ ਬਾਅਦ ਅਮਰੀਕਾ ਤੋਂ ਪਰਤੇ ਹਨ। ਉਨ੍ਹਾਂ ਵੇਖਿਆ ਕਿ 250 ਫੁੱਟ ਉੱਤੇ ਲੱਗਾ ਬੋਰ ਇਸ ਸਮੇਂ ਪਾਣੀ ਦੇਣੋਂ ਹੱਟ ਗਿਆ। ਬੋਰ ਡੂੰਘਾ ਕਰਨ ਲਈ ਜਦ ਆਲੇ-ਦੁਆਲੇ ਦੇ ਪਿੰਡਾਂ ਵਿੱਚਪੁੱਛਿਆ ਤਾਂ ਪਤਾ ਲੱਗਾ ਕਿ ਇਲਾਕੇ ਦੇ ਬਾਕੀ ਪਿੰਡਾਂ ਦੇ ਕਿਸਾਨਾਂ ਦੇ ਇਸ ਪੱਤਣਤੱਕ ਲੱਗੇ ਸਾਰੇ ਟਿਊਬਵੈਲਾਂ ਨੇ ਪਾਣੀ ਦੇਣਾ ਬੰਦ ਕਰ ਦਿੱਤਾ ਹੈ ਤੇ ਅਗਲਾ ਪੱਤਣ ਕਰੀਬ 500 ਫੁੱਟ ਉੱਤੇ ਹੈ। ਇਸ ਥਾਂ ਦਾ ਪਾਣੀ ਕਈ ਥਾਵਾਂ ਉੱਤੇ ਤੇਜ਼ਾਬੀ ਹੈ ਅਤੇ ਉਹ ਏਥੇ ਸਾਰਾ ਕੰਮ ਵਿਚਾਲੇ ਛੱਡ ਕੇ ਅਮਰੀਕਾ ਵਾਪਸ ਪਰਤ ਗਿਆ। ਕਿਸਾਨਾਂ ਦਾ ਕਹਿਣਾ ਹੈ ਕਿ ਜਦੋਂ ਤਕ ਸਰਕਾਰ ਬਾਸਮਤੀ, ਮੱਕੀ, ਮਿਰਚਾਂ, ਸੂਰਜਮੁੱਖੀ ਸਬਜ਼ੀਆਂ ਅਤੇ ਹੋਰ ਫ਼ਸਲਾਂ ਤੇ ਐਮ ਐਸ ਪੀ ਨਹੀਂ ਦਿੰਦੀ ਉਸ ਵਕਤ ਤਕ ਕਿਸਾਨਾਂ ਕੋਲ



ਝੋਨੇ ਦੀ ਫ਼ਸਲ ਤੋਂ ਬਿਨਾਂ ਹੋਰ ਕੋਈ ਬਦਲ ਨਹੀਂ ਹੈ।

ਮਿਲੀ ਜਾਣਕਾਰੀ ਮੁਤਾਬਿਕ ਰਾਜਪੁਰਾ ਨੇੜਲੇ ਪਿੰਡ ਚਮਾਰੂ, ਮਦਨਪੁਰ, ਚਲਹੇੜੀ, ਸੂਰਤਗੜ੍ਹ, ਸ਼ੰਭੂ ਕਲਾਂ, ਸ਼ੰਭੂ ਖ਼ੁਰਦ, ਬੂਹਾ, ਨੇਪਰਾਂ, ਘੜਾਮਾਂ ਕਲਾਂ, ਘੜਾਮਾਂ ਖ਼ੁਰਦ, ਬਨਮਾਜਰਾ ਅਤੇ ਹੋਰ ਦਰਜਨਾਂ ਹੀ ਪਿੰਡਾਂ ਦੇ ਪਾਣੀ ਦਾ ਲੈਵਲ ਬਹੁਤ ਡੂੰਘਾ ਹੋ ਗਿਆ ਹੈ। ਰੂਰਲ ਵਾਟਰ ਸਪਲਾਈ ਵਿਭਾਗ ਪਟਿਆਲਾ ਦੇ ਨਿਗਰਾਨ ਇੰਜੀਨੀਅਰ ਨੇ ਦੱਸਿਆ ਕਿ ਇਸ ਇਲਾਕੇ ਦੇ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਲਈ ਸਰਕਾਰ ਵੱਲੋਂ ਲਾਏ ਟਿਊਬਵੈਲ ਵੀ 1000 ਹਜ਼ਾਰ ਫੁੱਟ ਡੂੰਘਾਈ ਤੋਂ ਪਾਣੀ ਚੁੱਕਦੇ ਹਨ, ਪਿੰਡਾਂ ਦੇ ਵਸਨੀਕ ਪੀਣ ਦੇ ਪਾਣੀ ਲਈ ਕੇਵਲ ਸਰਕਾਰੀ ਟਿਊਬਵੈਲਾਂ ਉੱਤੇ ਨਿਰਭਰ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਬਨੂੜ ਕੈਨਾਲ ਦਾ ਖੇਤਰ ਵਧਾ ਕੇ ਇਨ੍ਹਾਂ ਪਿੰਡਾਂ ਵਿੱਚ ਕਿਸਾਨਾਂ ਦੇ ਖੇਤਾਂ ਨੂੰ ਪਾਣੀ ਦੇਣਾ ਚਾਹੀਦਾ ਹੈ। ਇਸ ਸਬੰਧੀ ਸਾਬਕਾ ਸੀਨੀਅਰ ਆਈ ਏ ਐਸ ਅਫਸਰ ਕਾਹਨ ਸਿੰਘ ਪੰਨੂੰ ਨੇ ਦੱਸਿਆ ਕਿ ਇਸ ਹਲਕੇ ਲਈ ਬਨੂੜ ਕੈਨਾਲ ਦਾ ਪ੍ਰੋਜੈਕਟ ਕਰੀਬ 125 ਕਰੋੜ ਨਾਲ ਲਾਇਆ ਗਿਆ ਸੀ, ਪਰ ਇਸ ਵਿੱਚੋਂ ਕਿਸਾਨਾਂ ਦੇ ਖੇਤਾਂ ਨੂੰ ਜ਼ਮੀਨਦੋਜ਼ ਪਾਈਪਾਂ ਰਾਹੀਂ ਪਾਣੀ ਦੇਣ ਦਾ ਜੋ ਪ੍ਰੋਜੈਕਟ ਬਣਾਇਆ ਗਿਆ, ਉਸ ਨੂੰ ਤੁਰੰਤ ਪੂਰਾ ਕਰਨਾ ਬਣਦਾ ਹੈ।

## ਸਿੰਗਲਾ ਦੀ ਬਰਖਾਸਤਗੀ ਪਿੱਛੋਂ ਮੁੱਖ ਮੰਤਰੀ ਵੱਲੋਂ ਉਚ ਪੱਧਰੀ ਬੈਠਕ

ਚੰਡੀਗੜ੍ਹ, 25 ਮਈ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਸਿਹਤ ਮੰਤਰੀ ਵਿਜੇ ਸਿੰਗਲਾ ਦੀ ਪੰਜਾਬ ਸਰਕਾਰ ਵਿੱਚੋਂ ਬਰਖਾਸਤਗੀ ਪਿੱਛੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਮੰਤਰੀਆਂ ਨਾਲ ਉਚ ਪੱਧਰੀ ਬੈਠਕ ਕੀਤੀ। ਇਸ ਬੈਠਕ ਵਿੱਚ ਸਿੰਗਲਾ ਕੇਸ ਉੱਤੇ ਵਿਸਥਾਰ ਨਾਲ ਚਰਚਾ ਦੌਰਾਨ ਸਾਰੇ ਮੰਤਰੀਆਂ ਨੇ ਇਕਸੁਰ ਵਿੱਚ ਮੁੱਖ ਮੰਤਰੀ ਤੇ ਪਾਰਟੀ ਦੇ ਫ਼ੈਸਲੇ ਉੱਤੇ ਸਹਿਮਤੀ ਪ੍ਰਗਟਾਉਂਦਿਆਂ ਭ੍ਰਿਸ਼ਟਾਚਾਰ ਉੱਤੇ ਜ਼ੀਰੋ ਟਾਲਰੈਂਸ ਦੀ ਨੀਤੀ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਗੱਲ ਕਹੀ। ਮੁੱਖ ਮੰਤਰੀ ਨੇ ਸਾਰੇ ਮੰਤਰੀਆਂ ਨੂੰ ਸਾਫ ਕਿਹਾ ਕਿ ਸਾਰੇ ਵਿਭਾਗਾਂ ਵਿੱਚ ਭ੍ਰਿਸ਼ਟਾਚਾਰ ਉੱਤੇ ਜ਼ੀਰੋ ਟਾਲਰੈਂਸ ਦੀ ਨੀਤੀ ਅਮਲ ਵਿੱਚ ਲਿਆਉਣ ਅਤੇ ਜੋ ਵੀ ਕੋਈ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਪਾਇਆ ਜਾਵੇ ਤੇ ਉਸ ਖ਼ਿਲਾਫ਼ ਪੁਖਤਾ ਸਬੂਤ ਸਾਹ-ਮਣੇ ਆਉਣ, ਉਸ ਵਿਰੁੱਧ ਸਖ਼ਤ ਕਾਰਵਾਈ ਕਰਨ ਤੋਂ ਗੁਰੇਜ਼ ਨਾ ਕੀਤਾ ਜਾਵੇ।

ਬੈਠਕ ਪਿੱਛੋਂ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਸਾਰੇ ਮੰਤਰੀਆਂ ਨੂੰ ਪੂਰੇ ਕੇਸ ਬਾਰੇ ਦੱਸਿਆ ਹੈ। ਇਹ ਮਾਮਲਾ ਪਿੱਛਲੇ ਕਈ ਦਿਨਾਂ ਤੋਂ ਮੁੱਖ ਮੰਤਰੀ ਦੇ ਧਿਆਨ ਵਿੱਚ ਸੀ ਅਤੇ ਆਡੀਓ ਅਤੇ ਵੀਡੀਓ ਸਬੂਤ ਇਕੱਠੇ ਕੀਤੇ ਜਾ ਰਹੇ ਸਨ। ਜਦੋਂ ਪੂਰਾ ਮਾਮਲਾ ਸਾਫ ਹੋਇਆ ਤਾਂ ਉਨ੍ਹਾਂ ਖ਼ਿਲਾਫ਼ ਐਕਸ਼ਨ ਲਿਆ ਗਿਆ।ਮੰਤਰੀ ਵਿਜੇ ਸਿੰਗਲਾ ਦੀ ਬਰਖਾਸਤਗੀ ਪਿੱਛੋਂ ਕਾਹਲੀ ਵਿੱਚ ਪੰਜਾਬ ਸੈਕਟਰੀਏਟ ਤੋਂ ਉਨ੍ਹਾਂ ਦੇ ਦਫ਼ਤਰ ਵਿੱਚੋਂ ਨੇਮ ਪਲੇਟ ਤਕ ਹਟਾ ਦਿੱਤੀ ਗਈ। ਸੈਕਟਰੀਏਟ ਦੀ ਤੀਜੀ ਮੰਜ਼ਿਲ ਉੱਤੇਜਦੋਂ ਸਿੰਗਲਾ ਦੇ ਬਰਖਾਸਤ ਹੋਣ ਦੀ ਖ਼ਬਰ ਆਈ, ਕੁਝ ਹੀ ਸਮੇਂ ਬਾਅਦ ਉਨ੍ਹਾਂ ਦੇ ਦਫ਼ਤਰ ਦੇ ਬਾਹਰ ਲੱਗੀ ਨੇਮ ਪਲੇਟ ਨੂੰ ਹਟਾ ਦਿੱਤਾ ਗਿਆ।

## ਬੰਦੀ ਬਣਾ ਕੇ 12 ਲੱਖ ਦੇ ਗਹਿਣੇ ਲੁੱਟਣ ਵਾਲੇ ਲੁਟੇਰੇ ਗ੍ਰਿਫ਼ਤਾਰ

*** ਸੋਨੇ ਦੇ ਗਹਿਣੇ ਅਤੇ ਵਾਰਦਾਤ ਵਾਲਾ ਏਅਰ ਪਿਸਟਲ ਬਰਾਮਦ**

ਜਲੰਧਰ, 25 ਮਈ (ਪੋਸਟ ਬਿਊਰੋ)- ਨਿਊ ਡਿਫੈਂਸ ਕਾਲੋਨੀ ਫੇਜ਼-2 ਪਰਾਗ-ਪੁਰ ਵਿੱਚ ਟੀਚਰ ਨਵਦੀਪ ਕੌਰ ਦੇ ਬੇਟੇ ਜਾਗ੍ਰਿਤ ਸਿੰਘ ਪੁੱਤਰ ਸਵਰਗੀ ਰਾਜਿੰ-ਦਰ ਸਿੰਘ ਨੂੰ ਬੰਦੀ ਬਣਾ ਕੇ 12 ਲੱਖ ਰੁਪਏ ਕੀਮਤ ਦੇ ਗਹਿਣੇ ਲੁੱਟਣ ਵਾਲੇ ਮੂਲ ਰੂਪ ਵਿੱਚ ਦਿੱਲੀ ਤੇ ਬਿਹਾਰ ਦੇ ਲੁਟੇਰਿਆਂ ਨੂੰ ਪੁਲਸ ਨੇ ਤਿੰਨ ਦਿਨਾਂ ਵਿੱਚ ਫੜ ਲਿਆ ਹੈ। 21 ਮਈ ਨੂੰ ਸਵੇਰੇ ਸੱਤ ਵਜੇ ਹੋਈ ਉਕਤ ਵਾਰਦ-ਾਤ ਬਾਰੇ ਥਾਣਾ ਜਲੰਧਰ ਕੈਂਟ ਦੀ ਪੁਲਸ ਨੇ ਕੇਸ ਦਰਜ ਕਰ ਲਿਆ ਸੀ।

ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਤੂਰ ਨੇ ਦਿੰਦਿਆਂ ਦੱਸਿਆ ਕਿ ਪੁਲਸ ਵੱਲੋਂ ਫੜੇ ਮੁਲਜ਼ਮਾਂ ਦੀ ਪਛਾਣ 19 ਸਾਲਾ ਸੁਮਿਤ ਪੁੱਤਰ ਵਰਿੰਦਰ ਰਾਏ ਪਿੰਡ ਨਾਨਪੁਰ, ਮੁਜ਼ੱਫਰਪੁਰ




(ਪਟਨਾ) ਬਿਹਾਰ, ਹਾਲ ਵਾਸੀ ਰਣਜੀਤ ਐਨਕਲੇਵ ਦੀਪ ਨਗਰ ਜਲੰਧਰ ਕੈਂਟ ਅਤੇ 31 ਸਾਲਾ ਵਿਕਰਮਜੀਤ ਦੱਤ ਪੁੱਤਰ ਵਿਸ਼ਵਜੀਤ ਦੱਤ ਵਾਸੀ ਗਿਆਨ ਮੰਦਰ ਰੋਡ, ਜੈਤਪੁਰ, ਬਦਰਪੁਰ, ਨਵੀਂ ਦਿੱਲੀ, ਹਾਲ ਵਾਸੀ ਸੀ-84 ਸੌਰਭ ਵਿਹਾਰ ਬਦਰਪੁਰ, ਨਵੀਂ ਦਿੱਲੀ ਵਜੋਂ ਹੋਈ ਹੈ। ਉਨ੍ਹਾਂ ਨੇ ਦੱਸਿਆ ਕਿ ਦੋਸ਼ੀਆਂ ਕੋਲੋਂ ਜਾਗ੍ਰਿਤ ਸਿੰਘ ਨੂੰ ਬੰਦੀ ਬਣਾ ਕੇ ਲੁੱਟੇ ਗਹਿਣੇ ਅਤੇ ਵਾਰਦਾਤ ਕਰਨ ਲਈ ਵਰਤਿਆ ਏਅਰ ਪਿਸਟਲ, ਐਕਟਿਵਾ ਅਤੇ ਦਾਤ ਵੀ ਬਰਾਮਦ ਕਰ ਲਏ ਹਨ।

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਪ੍ਰਬੰਧਕੀ ਸੇਵਾ ਵਿੱਚ ਔਰਤਾਂ ਦੀ ਮੌਜੂਦਗੀ

ਦੇਸ਼ ਦੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸਿਰਫ਼ ਦੋ ਔਰਤਾਂ ਮੁੱਖ ਸਕੱਤਰ ਸਨ। ਅੱਜ ਤੱਕ ਦੇਸ਼ ਦੇ ਸਭ ਤੋਂ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਕੈਬਨਿਟ ਸਕੱਤਰ ਦੇ ਅਹੁਦੇ 'ਤੇ ਇਕ ਵੀ ਔਰਤ ਨਹੀਂ ਪਹੁੰਚੀ ਹੈ। ਅੰਕੜੇ ਦਰਸਾਉਂਦੇ ਹਨ ਕਿ ਜਿਆਦਾਤਰ ਔਰਤਾਂ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਰਿਟਾਇਰ ਹੋ ਜਾਂਦੀਆਂ ਹਨ, ਫਿਰ ਵੀ ਉਨ੍ਹਾਂ ਤੋਂ ਮਰਦਾਂ ਦੇ ਮੁਕਾਬਲੇ ਜ਼ਿਆਦਾ ਸਵੈ-ਇੱਛਾ ਨਾਲ ਰਿਟਾਇਰ ਹੋਣ ਦੀ ਉਮੀਦ ਕੀਤੀ ਜਾਂਦੀ ਹੈ।



ਪਿਛਲੇ ਸਾਲ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐਨ.ਡੀ.ਪੀ.) ਦੇ ਤਹਿਤ ਜਨਤਕ ਪ੍ਰਸ਼ਾਸਨ ਵਿੱਚ ਲਿੰਗ ਸਮਾਨਤਾ ਬਾਰੇ ਇੱਕ ਰਿਪੋਰਟ ਤਿਆਰ ਕੀਤੀ ਗਈ ਸੀ। ਇਸ ਨੇ ਸਪੱਸ਼ਟ ਕੀਤਾ ਕਿ ਲਿੰਗ ਸਮਾਨਤਾ ਇੱਕ ਸਮਾਵੇਸ਼ੀ ਅਤੇ ਜਵਾਬਦੇਹ ਜਨਤਕ ਪ੍ਰਸ਼ਾਸਨ ਦੇ ਮੂਲ ਵਿੱਚ ਹੈ। ਰਿਪੋਰਟ ਵਿੱਚ ਇਹ ਵੀ ਸੰਕੇਤ ਦਿੱਤਾ ਗਿਆ ਹੈ ਕਿ ਨੌਕਰਸ਼ਾਹੀ ਅਤੇ ਜਨਤਕ ਪ੍ਰਸ਼ਾਸਨ ਵਿੱਚ ਔਰਤਾਂ ਦੀ ਬਰਾਬਰ ਪ੍ਰਤੀਨਿਧਤਾ ਬਣਾਈ ਰੱਖਣ ਨਾਲ ਸਰਕਾਰੀ ਕੰਮਕਾਜ ਵਿੱਚ ਵੱਡੇ ਸੁਧਾਰ ਹੁੰਦੇ ਹਨ।

ਆਜ਼ਾਦੀ ਦੇ ਇੰਨੇ ਲੰਬੇ ਸਫ਼ਰ ਤੋਂ ਬਾਅਦ ਇਸ ਸੁਭਾਵਿਕ ਸਵਾਲ ਨੂੰ ਟਾਲਿਆ ਨਹੀਂ ਜਾ ਸਕਦਾ ਕਿ ਜੇਕਰ ਭਾਰਤ ਨੇ ਇੱਕ ਮਹਾਂਸ਼ਕਤੀ ਬਣਨਾ ਹੈ ਅਤੇ ਇਸ ਦੇ ਨਾਲ ਹੀ ਨਵੇਂ ਭਾਰਤ ਅਤੇ ਆਤਮ-ਨਿਰਭਰ ਦਾ ਸੰਕਲਪ ਲਿਆਉਣਾ ਹੈ, ਤਾਂ ਨਵੀਂ ਨੌਕਰਸ਼ਾਹੀ ਅਤੇ ਔਰਤਾਂ ਦੀ ਬਰਾਬਰੀ ਨਹੀਂ ਰੱਖੀ ਜਾਣੀ ਚਾਹੀਦੀ। ਹਾਸ਼ੀਏ 'ਤੇ. ਕਰ ਸਕਦਾ ਹੈ. ਮਾਰਚ 2020 ਵਿੱਚ ਸੰਸਦ ਵਿੱਚ ਇੱਕ ਬਿਆਨ ਦੇ ਦੌਰਾਨ, ਸਰਕਾਰ ਨੇ ਸਪੱਸ਼ਟ ਕੀਤਾ ਕਿ ਉਹ ਇੱਕ ਕਾਰਜਬਲ ਬਣਾਉਣ ਦੀ ਕੋਸ਼ਿਸ਼ ਕਰਦੀ ਹੈ ਜੋ ਲਿੰਗ ਸੰਤੁਲਨ ਨੂੰ ਦਰਸਾਉਂਦੀ ਹੈ ਅਤੇ ਦਰਸਾਉਂਦੀ ਹੈ। ਪਰ ਸੱਚਾਈ ਇਹ ਹੈ ਕਿ ਇਸ ਸਬੰਧੀ ਜ਼ਮੀਨੀ ਹਕੀਕਤ ਵੱਖਰੀ ਹੈ।

ਇਹ ਵਿਸ਼ਵੀਕਰਨ ਦਾ ਦੌਰ ਹੈ। ਇਸ ਵਿੱਚ ਲੋਕ ਸੇਵਾ ਦੇ ਦ੍ਰਿਸ਼ ਨੂੰ ਵੀ ਨਵਾਂ ਰੂਪ ਦੇਣਾ ਹੋਵੇਗਾ। ਇਸ ਦੇ ਲਈ ਪ੍ਰਸ਼ਾਸਕੀ ਸੇਵਾ ਵਿੱਚ ਲਿੰਗ ਅਸਮਾਨਤਾ ਨੂੰ ਘਟਾਉਣਾ ਪਹਿਲ ਹੋਣੀ ਚਾਹੀਦੀ ਹੈ। ਪ੍ਰਸ਼ਾਸਨਿਕ ਸੇਵਾਵਾਂ ਵਿੱਚ ਔਰਤਾਂ ਦੀ ਮੌਜੂਦਗੀ ਵਿੱਚ ਵਾਧਾ ਹੋਣ ਨਾਲ ਅਜਿਹੀਆਂ ਸੇਵਾਵਾਂ ਨਾ ਸਿਰਫ਼ ਕਰਮਚਾਰੀਆਂ ਨੂੰ ਮਜ਼ਬੂਤ ਕਰਨਗੀਆਂ, ਸਗੋਂ ਸੰਵੇਦਨਸ਼ੀਲਤਾ ਨੂੰ ਵੀ ਦਰਸਾਉਣਗੀਆਂ। ਵਿਕਾਸ ਦੀ ਸਮਰੱਥਾ ਪੈਦਾ ਕਰਨ, ਵਿਕਾਸ ਦੀ ਧਾਰਾ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਵਰਗੇ ਸਾਰੇ ਕੰਮ ਔਰਤਾਂ ਦੀ ਭਾਗੀਦਾਰੀ ਵਧਾ ਕੇ ਕਾਫੀ ਹੱਦ ਤੱਕ ਆਸਾਨ ਕੀਤੇ ਜਾ ਸਕਦੇ ਹਨ। ਪਾਲਣ ਪੋਸ਼ਣ ਦਾ ਸਿਧਾਂਤ ਇਹ ਵੀ ਕਹਿੰਦਾ ਹੈ ਕਿ ਜਮਹੂਰੀਅਤ ਦੇ ਅੰਦਰ ਸਭ ਕੁਝ ਲੋਕਾਂ ਵੱਲ ਸੇਧਿਤ ਹੋਣਾ ਚਾਹੀਦਾ ਹੈ, ਇਹ ਵੀ ਚੰਗੇ ਸ਼ਾਸਨ ਦੀ ਸਭ ਤੋਂ ਉੱਚੀ ਗੱਲ ਹੈ। ਇਸ ਨਾਲ ਲਿੰਗ ਸਮਾਨਤਾ ਲਈ ਪ੍ਰਸ਼ਾਸਨਿਕ ਸੇਵਾਵਾਂ ਨੂੰ ਵੀ ਮੌਕਾ ਮਿਲੇਗਾ।

ਜਾਂਚ ਤੋਂ ਪਤਾ ਚੱਲਦਾ ਹੈ ਕਿ ਸਾਲ 1951 ਵਿੱਚ ਪਹਿਲੀ ਵਾਰ ਭਾਰਤੀ ਪ੍ਰਸ਼ਾਸਨਿਕ ਸੇਵਾ ਵਿੱਚ ਔਰਤਾਂ ਨੂੰ ਸ਼ਾਮਲ ਕਰਨ ਦਾ ਫੈਸਲਾ ਕੀਤਾ ਗਿਆ ਸੀ। ਉਸੇ ਸਾਲ ਆਈਏਐਸ ਲਈ ਇਸ ਸੇਵਾ ਲਈ ਸਿਰਫ਼ ਇੱਕ ਔਰਤ ਅੰਨਾ ਰਾਜਮ ਨੂੰ ਚੁਣਿਆ ਗਿਆ ਸੀ। ਸੱਤ ਦਹਾਕਿਆਂ ਦਾ ਲੰਬਾ ਸਫ਼ਰ ਤੈਅ ਕਰਨ ਤੋਂ ਬਾਅਦ ਸਾਲ 2020 ਵਿੱਚ ਆਈਏਐਸ ਵਿੱਚ ਔਰਤਾਂ ਦੀ ਕੁੱਲ ਗਿਣਤੀ 13 ਫ਼ੀਸਦੀ ਹੈ। ਜੇਕਰ ਅਸੀਂ ਡੂੰਘਾਈ ਵਿੱਚ ਜਾਏ ਤਾਂ ਇੱਕ ਤਾਜ਼ਾ ਅਧਿਐਨ ਅਨੁਸਾਰ, 1951 ਤੋਂ 2020 ਦਰਮਿਆਨ ਸਿਵਲ ਸੇਵਾਵਾਂ ਵਿੱਚ ਦਾਖਲ ਹੋਏ ਗਿਆਰਾਂ ਹਜ਼ਾਰ ਪੰਜ ਸੌ 79 ਆਈਏਐਸ ਅਫਸਰਾਂ ਵਿੱਚੋਂ ਔਰਤਾਂ ਦੀ ਗਿਣਤੀ ਸਿਰਫ਼ ਇੱਕ ਹਜ਼ਾਰ ਪੰਜ ਸੌ 27 ਸੀ।

ਭਾਵੇਂ ਇਹ ਅੰਕੜਾ ਲਿੰਗ ਅਸਮਾਨਤਾ ਨੂੰ ਵਿਆਪਕਤਾ ਪ੍ਰਦਾਨ ਕਰਦਾ ਹੈ, ਪਰ ਇਹ ਵੀ ਰਾਹਤ ਦੀ ਗੱਲ ਹੈ ਕਿ ਇਕਾਈ ਤੋਂ ਸ਼ੁਰੂ ਹੋਣ ਵਾਲੀ ਮਹਿਲਾ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਗਿਣਤੀ ਅੱਜ ਡੇਢ ਹਜ਼ਾਰ ਤੋਂ ਵੱਧ ਹੈ। ਲਿੰਗ ਅਸਮਾਨਤਾ ਸਿਰਫ਼ ਪ੍ਰਸ਼ਾਸਕੀ ਸੇਵਾ ਵਿੱਚ ਗਿਣਤੀ ਵਿੱਚ ਹੀ ਨਹੀਂ ਹੈ, ਸਗੋਂ ਇਸ ਸੇਵਾ ਵਿੱਚ ਔਰਤਾਂ ਦੇ ਦਾਖ਼ਲੇ ਬਾਰੇ ਵੀ ਵੱਖੋ-ਵੱਖਰੇ ਵਿਚਾਰ ਸਨ। ਅਧਿਐਨ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਆਈਏਐਸ ਪ੍ਰੀਖਿਆ ਪਾਸ ਕਰਨ ਵਾਲੀ ਅੰਨਾ ਰਾਜਮ ਨੂੰ ਜਦੋਂ ਉਹ ਇੰਟਰਵਿਊ ਲਈ ਗਈ ਤਾਂ ਪ੍ਰਸ਼ਾਸਨਿਕ ਸੇਵਾ ਦੀ ਬਜਾਏ ਵਿਦੇਸ਼ੀ ਜਾਂ ਕੇਂਦਰੀ ਸੇਵਾਵਾਂ 'ਤੇ ਵਿਚਾਰ ਕਰਨ ਲਈ ਕਿਹਾ ਗਿਆ ਸੀ।

ਪ੍ਰਸ਼ਾਸਨਿਕ ਸੇਵਾ ਵਿੱਚ ਉਸ ਦੀ ਚੋਣ ਤੋਂ ਬਾਅਦ ਨਿਯੁਕਤੀ ਪੱਤਰ ਵਿੱਚ ਇਹ ਸ਼ਰਤ ਸੀ ਕਿ ਵਿਆਹ ਦੀ ਸੂਰਤ ਵਿੱਚ ਉਸ ਦੀ ਸੇਵਾ ਖ਼ਤਮ ਕਰ ਦਿੱਤੀ ਜਾਵੇਗੀ। ਇਹ ਪਾਬੰਦੀ ਦੱਸਦੀ ਹੈ ਕਿ ਔਰਤਾਂ ਲਈ ਪ੍ਰਸ਼ਾਸਨਿਕ ਸੇਵਾ ਵਿੱਚ ਪੈਰ ਜਮਾਉਣਾ ਮਰਦ ਸ਼ਕਤੀ ਦੇ ਵਿਚਕਾਰੋਂ ਲੰਘਣ ਦੇ ਬਰਾਬਰ ਸੀ। ਹਾਲਾਂਕਿ, ਬਾਅਦ ਵਿੱਚ ਇਸ ਵਿੱਚ ਸੋਧ ਕੀਤੀ ਗਈ ਅਤੇ ਪਹਿਲੀ ਮਹਿਲਾ ਆਈਏਐਸ ਅੰਨਾ ਰਾਜਮ ਨੇ 1985 ਵਿੱਚ ਵਿਆਹ ਕਰਵਾ ਲਿਆ। ਮਹੱਤਵਪੂਰਨ ਗੱਲ ਇਹ ਹੈ ਕਿ ਉਨ੍ਹਾਂ ਦੇ ਪਤੀ ਆਰ ਐਨ ਮਲਹੋਤਰਾ, ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਸਨ। ਜ਼ਾਹਿਰ ਹੈ ਕਿ ਭਾਰਤੀ ਪ੍ਰਸ਼ਾਸਨਿਕ ਸੇਵਾ ਵਿੱਚ ਔਰਤਾਂ ਦਾ ਰਾਹ ਇੰਨਾ ਆਸਾਨ ਨਹੀਂ ਸੀ।

ਆਈਏਐਸ ਬਣਨ ਦਾ ਰਾਹ ਦਿਨੋਂ ਦਿਨ ਔਖਾ ਹੁੰਦਾ ਜਾ ਰਿਹਾ ਹੈ। ਹਾਲਾਂਕਿ, ਸਰੋਤ ਤੇਜ਼ੀ ਨਾਲ ਵਧੇ ਹਨ ਅਤੇ ਇੰਟਰਨੈਟ ਆਦਿ ਕਾਰਨ ਇਸ ਤੱਕ ਪਹੁੰਚ ਆਸਾਨ ਹੋ ਗਈ ਹੈ। ਮੌਜੂਦਾ ਸਮੇਂ ਵਿੱਚ ਸਿਵਲ ਸੇਵਾਵਾਂ ਪ੍ਰੀਖਿਆ ਵਿੱਚ 10 ਲੱਖ ਤੋਂ ਵੱਧ ਬਿਨੈਕਾਰ ਹਨ ਅਤੇ ਸਿਰਫ਼ ਕੁਝ ਸੌ ਹੀ ਚੁਣੇ ਜਾਂਦੇ ਹਨ, ਜਿਨ੍ਹਾਂ ਵਿੱਚ ਆਈਏਐਸ ਦੀ ਗਿਣਤੀ ਸਿਰਫ਼ ਡੇਢ ਤੋਂ ਦੋ ਸੌ ਦੇ ਵਿਚਕਾਰ ਹੈ। ਇਸ ਵਿੱਚ ਵੀ ਵੱਡੀ ਗਿਣਤੀ ਵਿੱਚ ਮਰਦ ਰਹਿੰਦੇ ਹਨ। ਜੇਕਰ ਅਸੀਂ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ.ਪੀ.ਐੱਸ.ਸੀ.) ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਾਲ 2017 ਦੀ ਸਿਵਲ ਸੇਵਾਵਾਂ ਪ੍ਰੀਖਿਆ 'ਚ ਕੁੱਲ ਬਿਨੈਕਾਰਾਂ 'ਚੋਂ ਤੀਹ ਫੀਸਦੀ ਔਰਤਾਂ ਸਨ।

3 ਜਨਵਰੀ 2022 ਤੱਕ ਭਾਰਤ ਸਰਕਾਰ ਦੇ 99 ਸਕੱਤਰਾਂ ਵਿੱਚੋਂ ਸਿਰਫ਼ ਚੌਦਾਂ ਫ਼ੀਸਦੀ ਭਾਵ ਸਿਰਫ਼ ਤੇਰਾਂ ਹੀ ਔਰਤਾਂ ਦੇਖ ਸਕਦੀਆਂ ਹਨ। ਇੰਨਾ ਹੀ ਨਹੀਂ ਦਸੰਬਰ 2021 ਤੱਕ ਦੇਸ਼ ਦੇ ਕੁੱਲ 36 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸਿਰਫ਼ ਦੋ ਔਰਤਾਂ ਹੀ ਮੁੱਖ ਸਕੱਤਰ ਸਨ। ਅੱਜ ਤੱਕ ਦੇਸ਼ ਦੇ ਸਭ ਤੋਂ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਕੈਬਨਿਟ ਸਕੱਤਰ ਦੇ ਅਹੁਦੇ 'ਤੇ ਇਕ ਵੀ ਔਰਤ ਨਹੀਂ ਪਹੁੰਚੀ ਹੈ। ਅੰਕੜੇ ਦਰਸਾਉਂਦੇ ਹਨ ਕਿ ਜ਼ਿਆਦਾਤਰ ਔਰਤਾਂ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਰਿਟਾਇਰ ਹੋ ਜਾਂਦੀਆਂ ਹਨ, ਫਿਰ ਵੀ ਉਨ੍ਹਾਂ ਤੋਂ ਮਰਦਾਂ ਦੇ ਮੁਕਾਬਲੇ ਜ਼ਿਆਦਾ ਸਵੈ-ਇੱਛਾ ਨਾਲ ਰਿਟਾਇਰ ਹੋਣ ਦੀ ਉਮੀਦ ਕੀਤੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਜਿਸ ਵੀ ਸੇਵਾ ਵਿੱਚ ਔਰਤਾਂ ਹਨ, ਉਨ੍ਹਾਂ ਦੀ ਜ਼ੁੰਮੇਵਾਰੀ ਦੋਹਰੀ ਹੈ। ਦਫਤਰੀ ਕੰਮ ਤੋਂ ਇਲਾਵਾ ਘਰ ਦੀ ਦੇਖਭਾਲ ਅਤੇ ਭੂਮਿਕਾ ਨੂੰ ਸਹੀ ਢੰਗ ਨਾਲ ਨਿਭਾਉਣ ਦੇ ਨਾਲ-ਨਾਲ ਸੰਤੁਲਨ ਬਣਾਈ ਰੱਖਣਾ ਵੀ ਉਨ੍ਹਾਂ ਦੀ ਜ਼ੁੰਮੇਵਾਰੀ ਹੈ, ਜੋ ਕਿ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਸਿਵਲ ਸਰਵਿਸਿਜ਼ ਕਮੇਟੀ ਦੀ ਸਥਾਪਨਾ ਸਾਲ 2004 ਵਿੱਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐਸਏਸੀ) ਦੇ ਸਾਬਕਾ ਚੇਅਰਮੈਨ ਪੀਸੀ ਹੋਟਾ ਦੀ ਪ੍ਰਧਾਨਗੀ ਹੇਠ ਕੀਤੀ ਗਈ ਸੀ। ਕਮੇਟੀ ਦੀ ਰਿਪੋਰਟ ਨੇ ਘਰੇਲੂ ਜ਼ੁੰਮੇਵਾਰੀਆਂ ਨੂੰ ਮਹਿਲਾ ਅਧਿਕਾਰੀਆਂ 'ਤੇ ਵਾਧੂ ਬੋਝ ਵਜੋਂ ਉਜਾਗਰ ਕੀਤਾ ਹੈ। ਇਹ ਹੋਰ ਗੱਲ ਹੈ ਕਿ ਇਸ ਕਮੇਟੀ ਵਿੱਚ ਇੱਕ ਵੀ ਮਹਿਲਾ ਮੈਂਬਰ ਨਹੀਂ ਸੀ। 2008 ਵਿੱਚ, ਛੇਵੇਂ ਤਨਖਾਹ ਕਮਿਸ਼ਨ ਦੀ ਸਿਫ਼ਾਰਸ਼ 'ਤੇ, ਕੇਂਦਰ ਸਰਕਾਰ ਨੇ ਮਹਿਲਾ ਕਰਮਚਾਰੀਆਂ ਲਈ ਜਣੇਪਾ ਛੁੱਟੀ ਇੱਕ ਸੌ ਅੱਸੀ ਦਿਨ ਅਤੇ ਬਾਲ ਦੇਖਭਾਲ ਛੁੱਟੀ ਦੋ ਸਾਲ ਵਧਾ ਦਿੱਤੀ ਸੀ।

ਦੇਸ਼ ਨੂੰ ਮਹਾਂਸ਼ਕਤੀ ਬਣਾਉਣਾ ਹੈ ਜਾਂ ਭਾਰਤ ਨੂੰ ਮਹਾਨ ਬਣਾਉਣਾ ਹੈ, ਇਸ ਲਈ ਨਾਗਰਿਕਾਂ ਦੇ ਵਿਕਾਸ ਨੂੰ ਪਹਿਲ ਦੇਣੀ ਚਾਹੀਦੀ ਹੈ। ਇਸ ਦੇ ਲਈ ਵਿਕਾਸ ਦੇ ਪ੍ਰਸ਼ਾਸਨ ਦੀ ਜ਼ਰੂਰਤ ਹੈ ਅਤੇ ਵਿਕਾਸ ਦੇ ਪ੍ਰਸ਼ਾਸਨ ਨੂੰ ਪ੍ਰਾਪਤ ਕਰਨ ਲਈ ਚੰਗੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਜ਼ਰੂਰਤ ਹੈ। ਇਸ ਵਿੱਚ ਸਿਰਫ਼ ਪੁਰਸ਼ ਅਫ਼ਸਰਾਂ ਨਾਲ ਇਸ ਨੂੰ ਪੂਰਾ ਕਰਨਾ ਸੰਭਵ ਨਹੀਂ ਹੈ। ਲਿੰਗ ਅਸਮਾਨਤਾ ਨੂੰ ਘਟਾਉਣ ਦੇ ਨਾਲ-ਨਾਲ ਔਰਤਾਂ ਦੀ ਭਾਗੀਦਾਰੀ ਨੂੰ ਵਧਾਉਣਾ ਨੈਤਿਕ ਤੌਰ 'ਤੇ ਜਾਇਜ਼ ਹੈ ਅਤੇ ਨਵੇਂ ਕੰਮ ਸੱਭਿਆਚਾਰ ਦੇ ਦ੍ਰਿਸ਼ਟੀਕੋਣ ਤੋਂ ਵੀ ਜਾਇਜ਼ ਹੋਵੇਗਾ। ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਵੀ ਭਾਰਤ ਵਿਸ਼ਵ ਦੀ ਰੈਂਕਿੰਗ ਵਿੱਚ ਸਭ ਤੋਂ ਉੱਪਰ ਹੈ।

ਪ੍ਰਸ਼ਾਸਨਿਕ ਅਧਿਕਾਰੀਆਂ ਵਜੋਂ ਔਰਤਾਂ ਦੀ ਪਹੁੰਚ ਲਿੰਗ ਸੰਤੁਲਨ ਦੇ ਨਾਲ-ਨਾਲ ਸਮਾਜਿਕ ਬਰਾਬਰੀ ਦੀ ਵੀ ਨਿਸ਼ਾਨੀ ਹੈ ਅਤੇ ਜੇਕਰ ਕਿਹਾ ਜਾਵੇ ਤਾਂ ਇਸ ਨਾਲ ਭ੍ਰਿਸ਼ਟਾਚਾਰ 'ਤੇ ਕੁਝ ਹੱਦ ਤੱਕ ਕਾਬੂ ਪਾਇਆ ਜਾ ਸਕਦਾ ਹੈ। ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਕਰਨਾਟਕ ਅਤੇ ਤੇਲੰਗਾਨਾ ਦੋ ਰਾਜ ਕੇਡਰ ਹਨ ਜਿੱਥੇ ਤੀਹ ਪ੍ਰਤੀਸ਼ਤ ਅਧਿਕਾਰੀ ਔਰਤਾਂ ਹਨ, ਜਦੋਂ ਕਿ ਜੰਮੂ ਅਤੇ ਕਸ਼ਮੀਰ, ਸਿੱਕਮ, ਬਿਹਾਰ, ਤ੍ਰਿਪੁਰਾ ਅਤੇ ਝਾਰਖੰਡ ਵਿੱਚ ਇਹ ਅੰਕੜਾ 15 ਪ੍ਰਤੀਸ਼ਤ ਤੋਂ ਘੱਟ ਹੈ। ਇੱਥੇ ਵਰਲਡ ਬੈਂਕ ਦੇ ਉਸ ਬਿਆਨ ਦਾ ਜ਼ਿਕਰ ਕਰਨਾ ਉਚਿਤ ਹੋਵੇਗਾ ਕਿ ਜੇਕਰ ਭਾਰਤ ਦੀ ਔਰਤ ਆਪਣੇ ਆਪ ਨੂੰ ਉਪਜਾਊ ਬਣਾ ਲਵੇ ਤਾਂ ਦੇਸ਼ ਦੀ ਜੀਡੀਪੀ ਵਿੱਚ 4.22 ਫੀਸਦੀ ਦਾ ਵਾਧਾ ਹੋਵੇਗਾ।

ਭਾਵੇਂ ਇੱਥੇ ਸਿਰਫ਼ ਆਈਏਐਸ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੀ ਗੱਲ ਕੀਤੀ ਜਾ ਰਹੀ ਹੈ, ਪਰ ਮਹਿਲਾ ਸਸ਼ਕਤੀਕਰਨ ਦੇ ਨਜ਼ਰੀਏ ਤੋਂ ਸਾਰੇ ਕਾਰਜ ਖੇਤਰ ਨੂੰ ਕਵਰ ਕਰਨਾ ਸਹੀ ਹੋਵੇਗਾ। ਪ੍ਰਸ਼ਾਸਨਿਕ ਸੇਵਾਵਾਂ ਵਿੱਚ ਔਰਤਾਂ ਦੀ ਮੌਜੂਦਗੀ ਬੇਸ਼ੱਕ ਘੱਟ ਹੈ ਪਰ ਇਸ ਦਾ ਗ੍ਰਾਫ ਹਰ ਸਾਲ ਵੱਧ ਰਿਹਾ ਹੈ। ਸਪੱਸ਼ਟ ਹੈ ਕਿ ਚੰਗੇ ਸ਼ਾਸਨ ਨੂੰ ਇੱਕ ਕਿਨਾਰਾ ਦੇਣ ਲਈ ਪ੍ਰਸ਼ਾਸਨ ਵਿੱਚ ਲਿੰਗ ਅਸਮਾਨਤਾ ਨੂੰ ਖਤਮ ਕਰਨਾ ਹੋਵੇਗਾ, ਨਾਲ ਹੀ ਉਨ੍ਹਾਂ ਦੀ ਉਪਯੋਗਤਾ ਨੂੰ ਲਾਭਕਾਰੀ ਬਣਾ ਕੇ ਸਮੱਸਿਆਵਾਂ ਨੂੰ ਹੱਲ ਕਰਨਾ ਆਸਾਨ ਹੋਵੇਗਾ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ ਪੰਜਾਬ।*

# ਕੋਲਾ ਸੰਕਟ ਵਿੱਚ ਐਟਮੀ ਊਰਜਾ ਹੋ ਸਕਦੀ ਹੈ ਬਿਹਤਰ ਬਦਲ

ਸਚਿਨ ਪੀ ਮੰਪੱਟਾ

ਭਾਰਤ ਵਿੱਚ ਕੋਲਾ ਆਧਾਰਿਤ ਬਿਜਲੀ ਪਲਾਂਟ ਆਪਣੀ ਅੱਧੀ ਤੋਂ ਵੱਧ ਬਿਜਲੀ ਪੈਦਾ ਕਰਦੇ ਹਨ, ਪਰ ਇਸ ਨਾਲ ਪ੍ਰਦੂਸ਼ਨ ਫੈਲਦਾ ਹੈ ਅਤੇ ਇਸ ਦੀ ਬਹੁਤ ਜ਼ਿਆਦਾ ਮੰਗ ਕਾਰਨ ਇਸ ਦੀ ਆਵਾਜਾਈ ਵਿੱਚ ਔਖ ਆ ਰਹੀ ਹੈ। ਜਿਵੇਂ ਦੇਸ਼ ਊਰਜਾ ਦੇ ਹੋਰ ਸਾਧਨਾਂ ਉੱਤੇ ਵਿਚਾਰ ਕਰ ਰਿਹਾ ਹੈ, ਕੀ ਐਟਮੀ ਊਰਜਾ ਲੰਬੇ ਸਮੇਂ ਦਾ ਹੱਲ ਹੋ ਸਕਦੀ ਹੈ? ਇਸ ਬਾਰੇ ਭਾਰਤ ਸਰਕਾਰ ਨੇ ਮਾਰਚ ਵਿੱਚ ਕਿਹਾ ਕਿ ਉਹ ਅਗਲੇ ਸਾਲ ਕਰਨਾਟਕ ਵਿੱਚ ਨਵੇਂ ਐਟਮੀ ਊਰਜਾ ਰਿਐਕਟਰ ਉੱਤੇ ਕੰਮ ਸ਼ੁਰੂ ਕਰੇਗੀ ਅਤੇ ਪਹਿਲਾਂ ਐਲਾਨੇ ਅਜਿਹੇ 10 ਪਲਾਂਟਾਂ ਦੀ ਯੋਜਨਾ ਤੋਂ ਅੱਗੇ ਵਧੇਗੀ।



ਬ੍ਰਿਟੇਨ ਅਤੇ ਬੈਲਜੀਅਮ ਵੀ ਊਰਜਾ ਸੁਰੱਖਿਆ ਲਈ ਐਟਮੀ ਊਰਜਾਬਾਰੇ ਸੋਚ ਰਹੇ ਹਨ। 2011 ਵਿੱਚ ਜਾਪਾਨ ਦੇ ਫੁਕੁਸ਼ੀਮਾ ਐਟਮੀ ਪਲਾਂਟ ਦੁਰਘਟਨਾ ਪਿੱਛੋਂ ਇੱਕ ਦਹਾਕੇ ਤੋਂ ਚਲੀ ਆਈ ਵਿਸ਼ਵ ਪੱਧਰੀ ਮੰਦੀ ਉੱਤੇ ਮੁੜ ਵਿਚਾਰ ਹੋ ਰਿਹਾ ਹੈ। ਸਾਲ 2011 ਅਤੇ 2020 ਦੌਰਾਨ ਵਿਸ਼ਵ ਪੱਧਰੀ ਐਟਮੀ ਊਰਜਾ ਉਤਪਾਦਨ ਵਿੱਚ 1.8 ਫ਼ੀਸਦੀ ਦਾ ਵਾਧਾ ਹੋਇਆ, ਇਹ ਅਜਿਹਾ ਸਮਾਂ ਸੀ, ਜਦੋਂ ਭਾਰਤ ਨੇ ਆਪਣਾਐਟਮੀ ਊਰਜਾ ਉਤਪਾਦਨ 38.4 ਫ਼ੀਸਦੀ ਵਧਾ ਕੇ 44.6 ਟੇਰਾਵਾਟ ਘੰਟੇ ਕਰ ਦਿੱਤਾ। ਵਿਸ਼ਵ ਪੱਧਰੀ ਐਟਮੀ ਊਰਜਾ ਉਤਪਾਦਨ ਵਿੱਚ ਭਾਰਤ ਦਾ ਹਿੱਸਾ 2020 ਵਿੱਚ 50 ਸਾਲਾਂ ਵਿੱਚ ਆਪਣੇ ਸਭ ਤੋਂ ਉਚੇ ਪੱਧਰ ਉੱਤੇ ਪਹੁੰਚ ਗਿਆ। ਫਿਰ ਵੀ ਐਟਮੀ ਊਰਜਾ ਭਾਰਤ ਦੇ ਕੁਲ ਬਿਜਲੀ ਉਤਪਾਦਨ ਦਾ 1.7 ਫੀਸਦੀ ਹੈ। ਡੇਲਾਇਟੀ ਇੰਡੀਆ ਦਾ ਪਾਰਟਨਰ ਦੇਬਾਸ਼ੀਸ਼ ਮਿਸ਼ਰਾ ਅਨੁਸਾਰ ਜੇ ਇਹ 2030 ਤੱਕ ਤਿੰਨ ਗੁਣਾ ਹੋ ਜਾਵੇ ਤਾਂ ਕੁਲ ਬਿਜਲੀ ਦਾ ਉਤਪਾਦਨ 5 ਫੀਸਦੀ ਤੋਂ ਘੱਟ ਹੋਵੇਗਾ। ਐਟਮੀ ਊਰਜਾ ਦੀ ਪੂੰਜੀਗਤ ਲਾਗਤ ਵੱਧ ਹੈ, ਇਸ ਲਈ ਟੈਰਿਫ ਵੀ ਉਸੇ ਅਨੁਪਾਤ ਵਿੱਚ ਵਧਣਗੇ।ਉਨ੍ਹਾਂ ਨੇ ਕਿਹਾ ਕਿ ਵਿਸ਼ਵ ਪੱਧਰੀ ਐਟਮੀਤਕਨੀਕ ਪ੍ਰੋਵਾਈਡਰ ਅਨਸੁਲਝੇ ਜ਼ਿੰਮੇਵਾਰੀ ਮੁੱਦਿਆਂ ਕਾਰਨ ਆਉਣ ਲਈ ਚਾਹਵਾਨ ਨਹੀਂ। ਦੁਰਘਟਨਾਵਾਂ ਦੇ ਮਾਮਲੇ ਵਿੱਚ ਭਾਰਤੀ ਕਾਨੂੰਨ ਕੌਮਾਂਤਰੀ ਪ੍ਰੋਵਾਈਡਰਜ਼ ਨੂੰ ਸੰਭਾਵਤ ਅਸੀਮਤ ਜ਼ਿੰਮੇਵਾਰੀ ਲਈ ਜ਼ਾਹਰ ਕਰਦਾ ਦਿਖਾ ਦਿੰਦਾ ਹੈ। ਮਿਸ਼ਰਾ ਦੇ ਅਨੁਸਾਰ ਭਾਰਤ ਅਕਸ਼ੈ ਊਰਜਾ ਉੱਤੇ ਦਾਅ ਲਾ ਰਿਹਾ ਹੈ।

ਐਟਮੀ ਊਰਜਾ ਕਮਿਸ਼ਨ ਦੇ ਸਾਬਕਾ ਮੁਖੀ ਅਨਿਲ ਕਾਕੋਡਕਰ ਨੇ ਕਿਹਾ ਕਿ ਦੇਸ਼ੀ ਤਕਨੀਕ ਦੀ ਵਰਤੋਂ ਕਰਕੇ ਬਣਾਏ ਐਟਮੀ ਊਰਜਾ ਪਲਾਂਟਾਂ ਨੂੰ 15 ਕਰੋੜ ਰੁਪਏ ਤੋਂ 20 ਕਰੋੜ ਰੁਪਏ ਪ੍ਰਤੀ ਮੈਗਾਵਾਟ ਜਾਂ ਵਿਸ਼ਵ ਪੱਧਰੀ ਲਾਗਤ ਦੇ ਅੱਧੇ ਉੱਤੇ ਸਥਾਪਤ ਕੀਤਾ ਜਾ ਸਕਦਾ ਹੈ।ਭਾਰਤ ਦੇ ਯੂਰੇਨੀਅਮ ਭੰਡਾਰ (ਕੁਝ ਪਿੱਛੇ ਜਿਹੇ ਲੱਭੇ ਗਏ) ਪਹਿਲੇ ਦੇ ਅੰਦਾਜ਼ਿਆਂ ਤੋਂ ਪੰਜ ਗੁਣਾ ਵੱਧ ਹਨ। ਕਾਕੋਡਕਰ ਅਨੁਸਾਰ ਦੇਸ਼ ਨੂੰ ਅੱਜ ਵਿਸ਼ਵ ਪੱਧਰ ਉੱਤੇਐਟਮੀਫਿਊਲ ਦਾ ਸਰੋਤ ਬਣਾਉਣਾ ਸੌਖਾ ਹੋ ਗਿਆ ਹੈ। 1947 ਵਿੱਚ ਆਪਣਾ ਪਹਿਲਾ ਐਟਮੀ ਪ੍ਰੀਖਣ ਕਰਨ ਪਿੱਛੋਂ ਭਾਰਤ ਨੂੰ ਸਫਲਾਈ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਸੀ।ਕਾਕੋਡਕਰ ਨੇ ਕਿਹਾ ਕਿ ਗ੍ਰਿਡ ਸਥਿਰਤਾ ਇੱਕ ਮੁੱਦਾ ਬਣ ਸਕਦੀ ਹੈ ਕਿਉਂਕਿ ਨਵਿਆਉਣ ਯੋਗ ਊਰਜਾ ਆਮ ਹੋ ਗਈ ਹੈ। ਇਹ ਇਸ ਲਈ ਹੈ ਕਿ ਅਕਸ਼ੈ ਬਿਜਲੀ ਉਤਪਾਦਨ ਹਵਾ ਦੀ ਰਫ਼ਤਾਰ ਜਾਂ ਮੌਸਮ ਨਾਲ ਵੱਖ ਹੋ ਸਕਦਾ ਹੈ। ਬਿਜਲੀ ਉਤਪਾਦਨ ਦਾ ਇੱਕ ਸਥਿਰ ਸਰੋਤ ਜਿਵੇਂ ਕੋਲਾ ਆਧਾਰਿਤ ਬਿਜਲੀ, ਸਥਿਰਤਾ ਮੁਹੱਈਆ ਕਰਦਾ ਹੈ, ਬੇਸ਼ੱਕ ਅਕਸ਼ੈ ਉਤਪਾਦਨ ਵੱਖਰਾ ਹੋਵੇ। ਕਾਕੋਡਕਰ ਨੇ ਕਿਹਾ ਕਿ ਕਾਰਬਨ ਗੈਸਾਂ ਦੀ ਨਿਕਾਸੀ ਨੂੰ ਘਟਾਉਣ ਦੇ ਯਤਨਾਂ ਨਤੀਜੇ ਵਜੋਂ ਐਟਮੀ ਊਰਜਾ ਕੋਲੇ ਦੀ ਥਾਂ ਲੈ ਸਕਦੀ ਹੈ। ਸੂਰਜੀ ਊਰਜਾ ਵਰਗੀ ਨਵਿਆਉਣ ਯੋਗ ਊਰਜਾ ਦੀ ਤੁਲਨਾ ਵਿੱਚਐਟਮੀ ਊਰਜਾ ਦੀ ਨਿਕਾਸੀ ਘੱਟ ਹੁੰਦੀ ਹੈ।

ਕਾਕੋਡਕਰ ਦੇ ਅਨੁਸਾਰ, ਐਟਮੀ ਊਰਜਾ ਉਤਪਾਦਨ ਸਮਰੱਥਾਵਾਂ ਨੂੰ ਵਧਾਉਣ ਲਈ ਸਮਾਂਹੱਦ ਹੁੰਦੀ ਹੈ, ਜਿਸ ਨੂੰ ਦਹਾਕਿਆ ਕਿ ਭਾਰਤ ਨੂੰ ਇੱਕ ਵਿਕਸਤ ਦੇਸ਼ ਦੇ ਪੱਧਰ ਤੱਕ ਵਧਾਉਣ ਲਈ ਸਾਰੇ ਮਿਲਦੇ ਸਰੋਤਾਂ ਤੋਂ ਊਰਜਾ ਕੱਢਣ ਦੀ ਲੋੜ ਹੋਵੇਗੀ। ਉਨ੍ਹਾਂ ਕਿਹਾ 'ਮੇਰਾ ਮੰਨਣਾ ਹੈ ਕਿ ਐਟਮੀ ਅਸਹਿਣਯੋਗ ਹੈ'।

ਔਸਤ ਭਾਰਤੀ ਲੋਕਾਂ ਲਈ ਹੋਰ ਥਾਵਾਂ ਦੇ ਲੋਕਾਂ ਦੇ ਮੁਕਾਬਲੇ ਵਿੱਚ ਘੱਟ ਊਰਜਾ ਮਿਲਦੀ ਹੈ। ਬ੍ਰਾਜ਼ੀਲਦੇ ਇੱਕ ਵਿਅਕਤੀ ਲਈ ਔਸਤ ਊਰਜਾ ਖਪਤ ਭਾਰਤ ਦੀ ਤੁਲਨਾ ਵਿੱਚ 2.4 ਗੁਣਾ ਵੱਧ, ਚੀਨ ਵਿੱਚ 4.4 ਗੁਣਾ ਵੱਧ, ਜਾਪਾਨ ਵਿੱਚ 5.8 ਗੁਣਾ ਵੱਧ ਅਤੇ ਅਮਰੀਕਾ ਵਿੱਚ 4 ਗੁਣਾ ਵੱਧ ਹੈ।ਭਾਰਤ ਦੀ 'ਊਰਜਾ ਗਰੀਬੀ' ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਐਟਮੀ ਊਰਜਾ ਦੀ ਸਮਰੱਥਾ ਨੂੰ ਨੇੜਿਓਂ ਦੇਖਿਆ ਜਾਵੇਗਾ।

# ਮਨੁੱਖੀ ਜੀਵਨ ਤੇ ਮਾਨਸਿਕ ਤਣਾਅ

-ਪ੍ਰੋ. ਗੁਰਵੀਰ ਸਿੰਘ ਸਰੌਦ

ਮਨੁੱਖ ਮੁੱਢ ਕਦੀਮ ਤੋਂ ਆਪਣੀ ਜੀਵ ਨਸ਼ੈਲੀ ਨੂੰ ਸੁਖਦਾਈ ਬਣਾਉਣ ਹਿੱਤ ਯਤਨਸ਼ੀਲ ਰਿਹਾ ਹੈ। ਅੱਜ ਮਨੁੱਖ ਆਪਣੀਆਂ ਮੁੱਢਲੀਆਂ ਲੋੜਾਂ ਤੋਂ ਲੈ ਕੇ ਅਨੇਕਾਂ ਆਰਾਮਦਾਇਕ ਸਹੂਲਤ ਪੂਰੀਆਂ ਕਰਨ ਦੇ ਬਾਵਜੂਦ ਹੋਰ ਸੁਖਮਈ ਬਣਾਉਣ ਲਈ ਯਤਨਸ਼ੀਲ ਹੈ। ਇਸ ਜਦੋਂ ਜਹਿਦ ਕਾਰਨ ਮਨੁੱਖ ਦੀ ਸੁਖਦਾਇਕ ਜੀਵਨਸ਼ੈਲੀ ਮਾਨਸਿਕ ਤਣਾਅ ਕਾਰਨ ਪ੍ਰਭਾਵਿਤ ਹੋਈ ਹੈ। ਅੱਜ ਦੇ ਪਦਾਰਥਵਾ ਦੀ ਯੁੱਗ ਵਿੱਚ ਮਾਨਸਿਕ ਤਣਾਅ ਨੇ ਮਨੁੱਖੀ ਜੀਵਨ ਦੁਆਲੇ ਘੇਰਾ ਪਾ ਰੱਖਿਆ ਹੈ। ਤਣਾਅ ਇੱਕ ਅਜਿਹੀ ਪ੍ਰੇਸ਼ਾਨੀ ਹੈ ਜਿਸ ਵਿੱਚ ਮਨੁੱਖ ਸੁਖਾਵਾਂ ਮਹਿਸੂਸ ਨਹੀਂ ਕਰਦਾ। ਕੋਈ ਕੰਮ, ਵਸਤੂ ਜਾਂ ਸੋਚ ਜਿਹੜੀ ਸਾਨੂੰ ਮਾਨਸਿਕ ਪ੍ਰੇਸ਼ਾਨੀ, ਗੁੱਸਾ ਜਾਂ ਘਬਰਾਹਟ ਦੀ ਹਾਲਤ ਵਿੱਚ ਲੈ ਜਾਵੇ, ਤਣਾਅ ਕਹਾਉਂਦੀ ਹੈ।

ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ ਐਂਡ ਨਿਊਰੋ ਸਾਇੰਸਿਜ਼ ਵੱਲੋਂ ਦੇਸ਼ ਦੇ 12 ਰਾਜਾਂ ਵਿੱਚ ਮਾਨਸਿਕ ਸਿਹਤ ਉੱਤੇ ਕੀਤੇ ਸਰਵੇਖਣ ਵਿੱਚ ਚਿੰਤਾਜਨਕ ਅੰਕੜੇ ਮਿਲੇ ਹਨ। ਇਨ੍ਹਾਂ ਅਨੁਸਾਰ ਦੇਸ਼ ਦੀ ਆਬਾਦੀ ਦਾ 27 ਫ਼ੀਸਦੀ ਹਿੱਸਾ ਤਣਾਅ (ਡਿਪਰੈਸ਼ਨ) ਵਰਗੇ ਆਮ ਮਾਨਸਿਕ ਵਿਕਾਰ ਦਾ ਸ਼ਿਕਾਰ ਹੈ, 52 ਫ਼ੀਸਦੀ ਆਬਾਦੀ ਕਿਸੇ ਨਾ ਕਿਸੇ ਸਮੇਂ ਇਸ ਸਮੱਸਿਆ ਨਾਲ ਜੂਝ ਚੁੱਕੀ ਹੈ। ਭਾਰਤ ਦੇ 15 ਕਰੋੜ ਲੋਕਾਂ ਨੂੰ ਕਿਸੇ ਨਾ ਕਿਸੇ ਮਾਨਸਿਕ ਸਮੱਸਿਆ ਕਾਰਨ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੈ।ਇਸਦਾ ਮੁੱਖ ਕਾਰਨ ਭਾਰਤ ਵਿੱਚ ਵੱਡੇ ਪੱਧਰ ਉੱਤੇ ਹੋ ਰਹੀਆਂ ਤਬਦੀਲੀਆਂ ਹਨ। ਸ਼ਹਿਰ ਫੈਲ ਰਹੇ ਹਨ, ਆਧੁਨਿਕ ਸਹੂਲਤਾਂ ਵਧ ਰਹੀਆਂ ਹਨ, ਲੋਕ ਵੱਡੀ ਗਿਣਤੀ ਵਿੱਚ ਪਿੰਡਾਂ ਅਤੇ ਸ਼ਹਿਰਾਂ ਨੂੰ ਛੱਡ ਕੇ ਨਵੇਂ ਸ਼ਹਿਰਾਂ ਵਿੱਚ ਵੱਸ ਰਹੇ ਹਨ। ਇਸ ਦਾ ਅਸਰ ਲੋਕਾਂ ਦੇ ਦਿਲ ਦਿਮਾਗ ਨੂੰ ਪ੍ਰਭਾਵਿਤ ਕਰ ਰਿਹਾ ਹੈ, ਜਿਸ ਕਾਰਨ ਤਣਾਅ ਵਰਗੀਆਂ ਮੁਸ਼ਕਲਾਂ ਵਧ ਰਹੀਆਂ ਹਨ।

'ਰਲਡ ਹੈਲਥ ਆਰਗ ੇਨਾਈਜੇਸ਼ਨ (.8.) ਅਨੁਸਾਰ ਦੁਨੀਆ ਭਰ ਵਿੱਚ 10 ਫ਼ੀਸਦੀ ਗਰਭਵਤੀ ਔਰਤਾਂ ਤੇ 13 ਫ਼ੀਸਦੀ ਔਰਤਾਂ ਜਣੇਪੇ ਤੋਂ ਬਾਅਦ ਡਿਪਰੈਸ਼ਨ ਵਿੱਚ ਆਈਆਂ ਹਨ। ਵਿਕਾਸਸ਼ੀਲ ਦੇਸ਼ਾਂ ਦੇ ਅੰਕੜੇ ਇਸ ਤੋਂ ਉਪਰ ਹਨ। ਜਿਸ ਵਿੱਚ 156 ਫ਼ੀਸਦੀ ਗਰਭਵਤੀ, 198 ਫ਼ੀਸਦੀ ਔਰਤਾਂ ਜਣੇਪੇ ਤੋਂ ਬਾਅਦ ਤਣਾਅ ਵਿੱਚੋਂ ਲੰਘੀਆਂ ਹਨ। ਬੱਚੇ ਵੀ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਭਾਰਤ ਵਿੱਚ 0.3 ਤੋਂ 1.2 ਫ਼ੀਸਦੀ ਬੱਚੇ ਤਣਾਅ ਵਿੱਚ ਹਨ। ਜੇ ਉਨ੍ਹਾਂ ਨੂੰ ਸਮੇਂ ਸਿਰ ਡਾਕਟਰੀ ਸਹਾਇਤਾ ਨਾ ਮਿਲੀ ਤਾਂ ਸਿਹਤ ਤੇ ਮਾਨਸਿਕ ਸਿਹਤ ਦੀਆਂ ਪੇਚੀਦਗੀਆਂ ਹੋਰ ਵਧ ਸਕਦੀਆਂ ਹਨ।

ਜਰਨਲ ਆਫ ਅਮੈਰੀਕਨ ਮੈਡੀਕਲ ਐਸੋਸੀਏਸ਼ਨ ਦੇ ਅਧਿਐਨ ਅਨੁਸਾਰ ਘੱਟ ਤੰਦਰੁਸਤ ਦਿਲ ਵਾਲੇ ਲੋਕਾਂ ਵਿੱਚ ਅਟੈਕ, ਸਟ੍ਰੋਕ ਜਾਂ ਕਾਰਡੀਓਵੈਸ ਕੂਲਰ ਬਿਮਾਰੀਆਂ ਲਈ ਮਾਨਸਿਕ ਤਣਾਅ ਵਧੇਰੇ ਜ਼ਿੰਮੇਵਾਰ ਹੁੰਦਾ ਹੈ। ਅੱਜ ਸਮਾਜ ਵਿੱਚ ਵਿਚਰਦਿਆਂ ਮਹਿਸੂਸ ਹੁੰਦਾ ਹੈ ਕਿ ਸ਼ਾਇਦ ਹੀ ਕੋਈ ਮਾਨਸਿਕ ਤਣਾਅ ਤੋਂ ਬਚਿਆ ਹੋਵੇ। ਜੇ ਮਾਨਸਿਕ ਤਣਾਅ ਦੇ ਮੁੱਖ ਕਾਰਨਾਂ ਦੀ ਗੱਲ ਕਰੀਏ ਤਾਂ ਇਸਦਾ ਮੁੱਖ ਕਾਰਨ ਸਾਡੀ ਜੀਵਨਸ਼ੈਲੀ ਉੱਤੇ ਆਧਾਰਿਤ ਹੈ। ਅਸੀਂ ਕਿਹੋ ਜਿਹੇ ਵਾਤਾਵਰਨ ਵਿੱਚ ਜੀਵਨ ਬਤੀਤ ਕਰਦੇ ਹਾਂ ਅਤੇ ਜਿਹੇ ਜਿਹਾ ਅਸੀਂ ਦੇਖਦੇ ਹਾਂ, ਉਸੇ ਤਰ੍ਹਾਂ ਹੌਲੀ ਹੌਲੀ ਮਹਿਸੂਸ ਕਰਨ ਲੱਗ ਜਾਂਦੇ ਹਾਂ। ਸਮਾਜ ਵਿੱਚ ਹਰਪਰਵਾਰ ਕਿਸੇ ਨਾ ਕਿਸੇ ਤਣਾਅ ਜਾਂ ਪ੍ਰੇਸ਼ਾਨੀ ਵਿੱਚ ਘਿਰਿਆ ਹੋਇਆ ਹੈ।

ਆਧੁਨਿਕ ਨਾਲ ਸਾਡੀ ਜੀਵਨਸ਼ੈਲ ਵਿੱਚ ਹੈਰਾਨੀਜਨਕ ਬਦਲਾਅ ਆਇਆ ਹੈ। ਜ਼ਿਆਦਾ ਸਹੂਲਤਾਂ ਦੀ ਲਾਲਸਾਵਾਂ ਦੀ ਦੌੜ ਵਿੱਚ ਅਸੀਂ ਜਾਣੇ, ਅਣਜਾਣੇ ਤਣਾਅ ਦਾ ਸ਼ਿਕਾਰ ਹੋ ਰਹੇ ਹਾਂ। ਜਦੋਂ ਸਹੂਲਤਾਂ ਦਾ ਵਾਧਾ ਹੋਵੇਗਾ, ਆਮਦਨ ਦਾ ਵੀ ਵਾਧਾ ਕਰਨਾ ਲਾਜ਼ਮੀ ਹੋਵੇਗਾ। ਆਮਦਨ ਦੀ ਪੂਰਤੀ ਲਈ ਆਪਣੀ ਕੰਮ ਕਰਨ ਦੀ ਸੀਮਾ ਵੀ ਵਧਾਉਣੀ ਹੋਵੇਗੀ। ਜ਼ਾਹਿਰ ਹੈ ਕਿ ਪਰਵਾਰਕ ਸਬੰਧਾਂ ਉੱਤੇ ਪ੍ਰਭਾਵ ਪਵੇਗਾ, ਜਿਸ ਨਾਲ ਤਣਾਅ ਪੈਦਾ ਹੋਣਾ ਸੁਭਾਵਿਕ ਹੈ।

ਸੋਸ਼ਲ ਮੀਡੀਆ ਨੇ ਵੀ ਮਨੁੱਖੀ ਜੀਵਨਸ਼ੈਲੀ ਨੂੰ ਬਦਲਿਆ ਹੈ ਜਿਸ ਨਾਲ ਦੂਰ ਦੁਰਾਡੇ ਬੈਠੇ ਰਿਸ਼ਤੇਦਾਰ, ਦੋਸਤ ਮਿੱਤਰ ਮੁੱਠੀ ਵਿੱਚ ਹੋ ਗਏ। ਉਨ੍ਹਾਂ ਨਾਲ ਸਬੰਧ ਸੁਖਾਵੇਂ ਬਣ ਗਏ ਹਨ, ਪਰ ਇਹ ਸਿੱਕੇ ਦਾ ਇੱਕ ਪਾਸਾ ਹੈ। ਦੂਜੇ ਪਾਸੇ ਸੋਸ਼ਲ ਮੀਡੀਆ ਨੇ ਪਤੀ-ਪਤਨੀ ਦੇ ਸਬੰਧ ਵਿੱਚ ਦੀਵਾਰ ਵਾਲਾ ਰੋਲ ਅਦਾ ਕੀਤਾ ਹੈ। ਦੇਖਿਆ ਜਾਂਦਾ ਹੈ ਕਿ ਜਦੋਂ ਕੋਈ ਵਿਅਕਤੀ ਕੁਝ ਸਮਾਂ ਵਿਹਲਾ ਹੁੰਦਾ ਹੈ ਤਾਂ ਉਸ ਕੋਲ ਸਭ ਤੋਂ ਪਹਿਲੀ ਪਸੰਦ ਸੋਸ਼ਲ ਮੀਡੀਆ ਦੀ ਵਰਤੋਂ ਕਰਨਾ ਹੁੰਦਾ ਹੈ। ਪੁਰਾਣੇ ਸਮੇਂ ਵਿੱਚ ਵਿਹਲੇ ਸਮੇਂ ਪਰਵਾਰ ਨਾਲ ਗੱਲਬਾਤ ਕੀਤੀ ਜਾਂਦੀ ਸੀ। ਜਿਸ ਨਾਲ ਕਿਸੇ ਪ੍ਰਕਾਰ ਦਾ ਤਣਾਅ ਆਪਸੀ ਗੱਲਬਾਤ ਨਾਲ ਦੂਰ ਹੋ ਜਾਂਦਾ ਸੀ, ਅੱਜਕੱਲ੍ਹ ਇੱਕ ਕਮਰੇ ਵਿੱਚ ਵੀ ਪਤੀ-ਪਤਨੀ ਆਪਣੇ ਸੋਸ਼ਲ ਮੀਡੀਆ ਉੱਤੇ ਵਿਹਲਾ ਸਮਾਂ ਬਤੀਤ ਕਰਨਾ ਜ਼ਿਆਦਾ ਪਸੰਦ ਕਰਦੇ ਹਨ।

ਸਮਾਜ ਜਿਨ੍ਹਾਂ ਆਦਤਾਂ ਦੀ ਸਾਨੂੰ ਇਜਾਜ਼ਤ ਨਹੀਂ ਦਿੰਦਾ, ਜਾਣੇ-ਅਣਜਾਣੇ ਵਿੱਚ ਅਸੀਂ ਉਨ੍ਹਾਂ ਆਦਤਾਂ ਦੇ ਕਈ ਵਾਰ ਸ਼ਿਕਾਰ ਹੋ ਜਾਂਦੇ ਹਾਂ। ਨਸ਼ਾ, ਜੂਆ, ਚੋਰੀ ਆਦਿ ਅਲਾਮਤਾਂ ਮਨੁੱਖੀ ਦਿਮਾਗ਼ ਨੂੰ ਸੋਚਣ ਤੋਂ ਦੂਰ ਕਰ ਦਿੰਦੀਆਂ ਹਨ, ਜਿਸ ਨਾਲ ਵਿਅਕਤੀ ਖ਼ੁਦ ਮੌਤ ਜਾਂ ਵੱਡੀ ਸਜ਼ਾ ਦਾ ਹੱਕਦਾਰ ਬਣ ਜਾਂਦਾ ਹੈ, ਨਾਲ ਪਰਵਾਰ ਨੂੰ ਵੀ ਬਹੁਤ ਵੱਡੇ ਦੁੱਖ ਜਾਂ ਸਮੱਸਿਆ ਵੱਲ ਧੱਕ ਦਿੰਦਾ ਹੈ। ਕੁਝ ਸਮਾਂ ਬੀਤਣ ਪਿੱਛੋਂ ਮਹਿਸੂਸ ਜ਼ਰੂਰ ਹੁੰਦਾ ਹੈ, ਪਰ ਸਮਾਂ ਬੀਤ ਜਾਣ ਤੋਂ ਬਾਅਦ ਤਾਂ ਪਛਤਵਾ ਤੇ ਤਣਾਅ ਹੀ ਪ੍ਰਾਪਤ ਹੁੰਦਾ ਹੈ।ਭਾਵੇਂ ਪੂਰਾ ਵਿਸ਼ਵ ਮਹਿੰਗਾਈ ਦੀ ਮਾਰ ਝੱਲ ਰਿਹਾ ਹੈ, ਪਰ ਵਿਕਾਸਸ਼ੀਲ ਦੇਸ਼ਾਂ ਲਈ ਇਹ ਸਮੱਸਿਆ ਲੱਕ ਤੋੜਨ ਵਾਲੀ ਹੈ। ਇਸ ਤੋਂ ਵੱਡੀ ਗੱਲ ਕਿ ਨੌਜਵਾਨ ਵਰਗ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਿਹਾ ਹੋਵੇ ਤਾਂ ਅਜਿਹੇ ਸਮੇਂ ਵਿੱਚ ਸੋਚਵਾਨ ਵਿਅਕਤੀ ਮਾਨਸਿਕ ਤਣਾਅ ਤੋਂ ਕਿਸ ਤਰ੍ਹਾਂ ਬਚ ਸਕਦੇ ਹਨ?

ਇੱਕ ਸਮਾਂ ਸੀ ਜਦੋਂ ਲੋਕ ਸਾਂਝੇ ਪਰਵਾਰਾਂ ਵਿੱਚ ਰਹਿੰਦੇ ਸਨ। ਕੋਈ ਦੁੱਖ ਸੁੱਖ ਦੀ ਘੜੀ ਆਉਂਦੀ ਸੀ ਤਾਂ ਆਪਸ ਵਿੱਚ ਮਿਲ ਕੇ ਵੰਡ ਲੈਂਦੇ ਸਨ। ਕਹਿੰਦੇ ਹਨ ਕਿ ਦੁੱਖ ਵੰਡਿਆਂ ਘਟ ਜਾਂਦਾ ਹੈ। ਅੱਜ ਅਸੀਂ ਇਕੱਲੇ ਪਰਵਾਰ ਨੂੰ ਤਰਜੀਹ ਦੇਣ ਲੱਗ ਪਏ ਹਾਂ, ਜਿਸ ਨਾਲ ਸ਼ੁਰੂ ਵਿੱਚ ਚੰਗਾ ਮਹਿਸੂਸ ਕਰਦੇ ਹਾਂ, ਪਰ ਜਦੋਂ ਮਾੜਾ ਸਮਾਂ ਆਵੇ ਤਾਂ ਇਕੱਲਾਪਣ ਮਹਿਸੂਸ ਕਰਦੇ ਹਾਂ। ਜੇ ਅਸੀਂ ਅੱਜ ਵੀ ਸਾਂਝੇ ਪਰਵਾਰ ਨੂੰ ਪਹਿਲ ਦਈਏ ਤਾਂਤਣਾਅ ਦਾ ਪ੍ਰਭਾਵ ਘਟ ਸਕਦਾ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਇੱਕ ਪਾਸੇ ਅਸੀਂ ਆਪਣੇ ਬੱਚਿਆਂ ਨੂੰ ਅੰਤਰਰਾਸ਼ਟੀ ਪੜ੍ਹਾਈਆਂ, ਖਾਣ-ਪਾਣ ਅਤੇ ਰਹਿਣ-ਸਹਿਣ ਦਾ ਸਲੀਕਾ ਸਿਖਾ ਰਹੇ ਹਾਂ, ਦੂਜੇ ਪਾਸੇ ਜਦੋਂ ਬੱਚੇ ਅੰਤਰਰਾਸ਼ਟਰੀ ਪ੍ਰਭਾਵ ਅਧੀਨ ਆਪਣੀ ਸ਼ਖ਼ਸੀਅਤ ਵਿੱਚ ਬਦਲਾਅ ਲੈ ਆਉਂਦੇ ਹਨ ਤਾਂ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ। ਫਿਰ ਔਲਾਦ ਨਾਲ ਟਕਰਾਅ ਪੈਦਾ ਹੁੰਦਾ ਹੈ। ਮਾਤਾ-ਪਿਤਾ ਤੇ ਬੱਚੇ ਤਣਾਅਗ੍ਰਸਤ ਹੁੰਦੇ ਹਨ। ਤਣਾਅ ਕੋਈ ਕੁਦਰਤ ਦੀ ਦੇਣ ਨਹੀਂ, ਬਲਕਿ ਅਸੀਂ ਆਪਣੀ ਗਲਤ ਜੀਵਨਸ਼ੈਲੀ, ਲੋੜ ਤੋਂ ਜ਼ਿਆਦਾ ਲਾਲਸਾਵਾਂ, ਨਸ਼ਾ, ਚੋਰੀ ਵਰਦੀਆਂ ਬੁਰੀਆਂ ਆਦਤਾਂ, ਉਚੇ ਪੱਧਰ ਦਾ ਰਹਿਣ ਸਹਿਣ ਦੇ ਸੁਪਨੇ ਕਾਰਨ ਗ੍ਰਹਿਣ ਕੀਤਾ ਹੈ। ਹਾਂ, ਕਈ ਵਾਰ ਕੁਦਰਤੀ ਕਰੋਪੀਆਂ, ਨਾਮੁਰਾਦ ਬਿਮਾਰੀਆਂ ਵੀ ਤਣਾਅ ਦਾ ਕਾਰਨ ਬਣ ਜਾਂਦੀਆਂ ਹਨ।ਜੇ ਸੱਚਮੁੱਚ ਅਸੀਂ ਆਪਣੇ ਤਣਾਅ ਘਟਾਉਣਾ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਆਪਣੀ ਜੀਵਨਸ਼ੈਲੀ ਬਦਲਣੀ ਹੋਵੇਗੀ ਕਿਉਂਕਿ ਜਿਹੋ ਜਿਹਾ ਦੇਖਦੇ ਹਾਂ, ਖਾਂਦੇ ਹਾਂ, ਪੀਂਦੇ ਹਾਂ, ਉਸ ਦਾ ਪ੍ਰਭਾਵ ਸਿੱਧੇ ਤੌਰ ਉੱਤੇ ਸਰੀਰ ਉੱਤੇ ਪੈਂਦਾ ਹੈ। ਚੰਗੀਆਂ ਕਿਤਾਬਾਂ ਨਾਲ ਦੋਸਤੀ ਵੀ ਸਾਡੇ ਮਾਨਸਿਕ ਤਣਾਅ ਨੂੰ ਘਟਾਉਣ ਵਿੱਚ ਸਹਾਈ ਸਾਬਤ ਹੋ ਸਕਦੀ ਹੈ। ਜਦੋਂ ਅਸੀਂ ਸਕਾਰਾਤਮਕ, ਪ੍ਰੇਰਨਾਦਾਇਕ ਕਿਤਾਬਾਂ ਪੜ੍ਹਾਂਗੇ ਤਾਂ ਸਾਡੇ ਮਨ ਵਿੱਚ ਵਿਚਾਰ ਵੀ ਸਕਾਰਾਤਮ ਪੈਦਾ ਹੋਣਗੇ।



ਅਸੀਂ ਮੋਬਾਈਲ ਫੋਨ ਦੀ ਲੋੜ ਅਨੁਸਾਰ ਵਰਤੋਂ ਨਾਲ ਖ਼ੁਸ਼ਹਾਲ ਜੀਵਨ ਬਤੀਤ ਕਰ ਸਕਦੇ ਹਾਂ। ਜਿਹੜਾ ਵਿਹਲਾ ਸਮਾਂ ਅਸੀਂ ਸੋਸ਼ਲ ਸਾਈਟਾਂ ਉੱਤੇ ਬਤੀਤ ਕਰਦੇ ਹਾਂ, ਉਹ ਅਸੀਂ ਪਰਵਾਰ, ਦੋਸਤਾਂ-ਮਿੱਤਰਾਂ, ਬੱਚਿਆਂ ਨਾਲ ਬਤੀਤ ਕਰੀਏ, ਜਿਸ ਨਾਲ ਆਪਸੀ ਭਾਈਚਾਰਕ ਸਾਂਝ ਪੈਦਾ ਹੋਵੇਗੀ। ਧਾਰਮਿਕ ਆਸਥਾ ਵੀ ਸਾਡੇ ਨਕਾਰਾਤਮਕ ਵਿਚਾਰਾਂ ਨੂੰ ਖ਼ਤਮ ਕਰਨ ਵਿੱਚ ਸਹਾਈ ਸਿੱਧ ਹੁੰਦੀ ਹੈ। ਆਪਣੇ ਜੀਵਨ ਨੂੰ ਲੋੜਾਂ ਦੀ ਪੂਰਤੀ ਤੱਕ ਸੀਮਤ ਰੱਖਣ ਦੀ ਕੋਸ਼ਿਸ਼ ਕਰੀਏ ਨਾ ਕਿ ਮਨੁੱਖੀ ਸਹੂਲਤਾਂ (ਲਾਲਸਾਵਾਂ) ਤੱਕ। ਬੱਚਿਆਂ ਨੂੰ ਲੋੜ ਤੋਂ ਵਧੇਰੇ ਸਹੂਲਤਾਂ ਦੇਣ ਤੋਂ ਗੁਰੇਜ਼ ਕੀਤਾ ਜਾਵੇ ਤਾਂ ਜੋ ਔਲਾਦ ਕੋਈ ਬੁਰੀਆਂ ਆਦਤਾਂ ਨਾ ਗ੍ਰਹਿਣ ਕਰੇ ਜੋ ਬਾਅਦ ਵਿੱਚ ਮਾਪਿਆਂ ਲਈ ਤਣਾਅ ਦਾ ਕਾਰਨ ਬਣੇ। ਸਰਕਾਰਾਂ ਨੂੰ ਵੀ ਜ਼ਿੰਮੇਵਾਰੀ ਸਮਝ ਕੇ ਬੇਰੁਜ਼ਗਾਰੀ ਖ਼ਤਮ ਕਰਨ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਨੌਜਵਾਨ ਵਰਗ ਯੋਗ ਵਿੱਦਿਆ ਹਾਸਲ ਕਰਨ ਪਿੱਛੋਂ ਬੇਰੁਜ਼ਗਾਰ ਹੋਵੇ ਤਾਂ ਸੁਭਾਵਿਕ ਤੌਰ ਉੱਤੇ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੋ ਜਾਂਦਾ ਹੈ।

ਲੋੜ ਹੈ ਸਮਾਜ ਨੂੰ ਮਾਨਸਿਕ ਤਣਾਅ ਦੇ ਗਲਬੇ ਤੋਂ ਬਾਹਰ ਕੱਢਣ ਦੀ। ਸਭ ਤੋਂ ਵੱਡੀ ਗੱਲ ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ 'ਮਨਿ ਜੀਤੈ, ਜਗੁ ਜੀਤੁ॥' ਭਾਵ ਆਪਣੇ ਮਨ ਨੂੰ ਜਿੱਤਣ ਨਾਲ ਮਨੁੱਖ ਸਾਰੀ ਦੁਨੀਆ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ। ਜੇ ਸੱਚਮੁੱਚ ਅਸੀਂ ਇਸ ਤੁਕ ਦੇ ਭਾਵ ਨੂੰ ਜ਼ਿੰਦਗੀ ਵਿੱਚ ਲਾਗੂ ਕਰ ਲਈਏ ਤਾਂ ਦੁਨਿਆਵੀ ਪ੍ਰੇਸ਼ਾਨੀਆਂ ਤੋਂ ਆਸਾਨੀ ਨਾਲ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ।



# ਵੰਡ ਦਾ ਵਿਛੋੜਾ: ਪਾਕਿਸਤਾਨੋਂ ਭਰਾ ਨੂੰ ਨਾਲ ਲੈ ਪਰਤਿਆ ਸਿੱਕਾ ਖਾਨ

ਅਟਾਰੀ, 25 ਮਈ (ਪੋਸਟ ਬਿਊਰੋ)- ਆਜ਼ਾਦੀ ਮਿਲਣ ਮੌਕੇ ਹੋਈ ਦੇਸ਼ ਦੀ ਵੰਡ ਸਮੇਂ ਪਰਵਾਰ ਤੋਂ ਵਿਛੜੇ (ਅੱਜਕੱਲ੍ਹ ਚੜ੍ਹਦੇ ਪੰਜਾਬ ਵਿੱਚ ਰਹਿੰਦੇ) ਸਿੱਕਾ ਖਾਨ ਕੁਝ ਸਮਾਂ ਪਹਿਲਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ, ਪਾਕਿਸਤਾਨ ਦੇ ਦਰਸ਼ਨ ਕਰਨ ਸਮੇਂ ਉਧਰ ਰਹਿੰਦੇ ਆਪਣੇ ਭਰਾ ਮੁਹੰਮਦ ਸਦੀਕ ਨੂੰ ਮਿਲੇ ਸਨ। ਇਸ ਪਿੱਛੋਂ ਜ਼ਿਲ੍ਹਾ ਬਠਿੰਡਾ ਦੇ ਪਿੰਡ ਫੁੱਲੇਵਾਲ ਵਿੱਚ ਰਹਿੰਦੇ ਸਿੱਕਾ ਖਾਨ 26 ਮਾਰਚ ਨੂੰ ਆਪਣੇ ਭਰਾ ਨੂੰ ਮਿਲਣ ਫੈਸਲਾਬਾਦ, ਪਾਕਿਸਤਾਨ ਗਏ ਸਨ। ਉਹ ਕੱਲ੍ਹ ਆਪਣੇ ਭਰਾ ਮੁਹੰਮਦ ਸਦੀਕ ਨੂੰ ਨਾਲ ਲੈ ਕੇ ਆਏ ਹਨ। ਵਾਹਗਾ-ਅਟਾਰੀ ਸਰਹੱਦ ਰਸਤੇ ਵਤਨ ਪਰਤਣ ਮੌਕੇ ਅਟਾਰੀ ਸਰਹੱਦ ਉੱਤੇ ਪਹੁੰਚੇ ਪਿੰਡ ਵਾਸੀਆਂ ਅਤੇ ਰਿਸ਼ਤੇਦਾਰਾਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ।



ਇਸ ਮੌਕੇ ਅਟਾਰੀ ਸਰਹੱਦ ਵਿਖੇ ਸਿੱਕਾ ਖਾਨ ਨੇ ਦੱਸਿਆ ਕਿ ਉਨ੍ਹਾਂ ਨੂੰ ਸੋਸ਼ਲ ਮੀਡੀਆ ਰਾਹੀਂ ਪਤਾ ਲੱਗਾ ਸੀ ਕਿ ਉਸ ਦਾ ਭਰਾ ਪਾਕਿਸਤਾਨ ਵਿੱਚ ਸਹੀ ਸਲਾਮਤ ਹੈ। ਫਿਰ ਉਨ੍ਹਾਂ ਦੋਵਾਂ ਭਰਾਵਾਂ ਦੀ ਗੱਲਬਾਤ ਹੋਈ। ਉਨ੍ਹਾਂ ਦੱਸਿਆ ਕਿ ਉਹ ਦੋਵੇਂ ਭਰਾ 10 ਜਨਵਰੀ ਨੂੰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੌਰਾਨ ਇੱਕ-ਦੂਜੇ ਨੂੰ ਮਿਲੇ ਸਨ। ਉਨ੍ਹਾਂ ਕਿਹਾ ਕਿ ਭਰਾਵਾਂ ਦੀ ਮਿਲਣੀ ਦੌਰਾਨ ਪਾਕਿਸਤਾਨ ਵਿੱਚ ਰਹਿੰਦੇ ਲੋਕਾਂ ਵੱਲੋਂ ਮਿਲਿਆ ਪਿਆਰਭੁਲਾਇਆ ਨਹੀਂ ਜਾ ਸਕਣਾ। ਉਨ੍ਹਾਂ ਦੱਸਿਆ ਕਿ ਇਸ ਮੌਕੇ ਉਹ ਪਾਕਿਸਤਾਨ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਨੂੰ ਵੀ ਮਿਲੇ। ਉਨ੍ਹਾਂ ਕਿਹਾ ਕਿ ਉਹ ਪਾਕਿਸਤਾਨ ਦਾ ਵੀਜ਼ਾ ਲਗਵਾ ਕੇ ਛੇ ਮਹੀਨੇ ਆਪਣੇ ਭਰਾ ਕੋਲ ਰਹਿਣਗੇ। ਸਿੱਕਾ ਖਾਨ ਨੇ ਆਪਣੇ ਭਰਾ ਨੂੰ ਮਿਲਣ ਲਈ ਬਿਨਾਂ ਕਿਸੇ ਦੇਰੀ ਤੋਂ ਵੀਜ਼ਾ ਦੇਣ ਲਈ ਪਾਕਿਸਤਾਨ ਸਰਕਾਰ ਦਾ ਧੰਨਵਾਦ ਕੀਤਾ।

ਮੁਹੰਮਦ ਸਦੀਕ ਨੇ ਕਿਹਾ ਕਿ ਭਾਰਤ-ਪਾਕਿਸਤਾਨ ਵੰਡ ਸਮੇਂ ਉਸ ਦੀ ਮਾਂ ਸਿੱਕਾ ਖਾਨ ਨੂੰ ਲੈ ਕੇ ਨਾਨਕੇ ਪਿੰਡ ਚਲੀ ਗਈ ਸੀ ਅਤੇ ਉਹ ਪਾਕਿਸਤਾਨ ਵਿੱਚ ਰਹਿ ਗਏ ਸਨ। ਸਦੀਕ ਦੇ ਦੱਸਣ ਅਨੁਸਾਰ ਮਾਂ ਤੇ ਭਰਾ ਨੂੰ ਬਠਿੰਡਾ ਵਿੱਚ ਰਹਿੰਦੇ ਸਰਦਾਰ ਪਰਵਾਰ ਨੇ ਪਾਲਿਆ ਸੀ। ਦੋਵਾਂ ਭਰਾਵਾਂ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ ਹੈ। ਉਨ੍ਹਾਂ ਨੇ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਵੰਡ ਸਮੇਂ ਵਿਛੜੇ ਸਾਰੇ ਪਰਵਾਰਾਂ ਨੂੰ ਮਿਲਣ ਲਈ ਖੁੱਲ੍ਹੇ ਵੀਜ਼ੇ ਦਿੱਤੇ ਜਾਣ।

# ਕੇਂਦਰ ਸਰਕਾਰ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਬਦਲਣ ਲਈ ਵਿਚਾਰ ਕਰੇ : ਹਾਈ ਕੋਰਟ

ਚੰਡੀਗੜ੍ਹ, 25 ਮਈ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਬਦਲਣ ਦੇ ਮੁੱਦੇ ਉੱਤੇ ਗ੍ਰਹਿ ਮੰਤਰਾਲੇ ਅਤੇ ਸਿੱਖਿਆ ਮੰਤਰਾਲੇ ਨਾਲ ਵਿਚਾਰ ਕਰੇ। ਹਾਈ ਕੋਰਟ ਦੇ ਜਸਟਿਸ ਰਾਜਬੀਰ ਸਹਿਰਾਵਤ ਨੇ ਕੇਸ ਦੀ ਅਗਲੀ ਸੁਣਵਾਈ 30 ਅਗਸਤ ਨੂੰ ਤੈਅ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਏ ਗਏ ਫ਼ੈਸਲੇ ਨੂੰ ਸਿਧਾਂਤਕ ਤੌਰ ਉੱਤੇ ਅਗਲੀ ਸੁਣਵਾਈ ਦੌਰਾਨ ਅਦਾਲਤ ਦੇ ਸਾਹਮਣੇ ਰੱਖਿਆ ਜਾਵੇ।
ਡਾ. ਸੰਗੀਤਾ ਭੱਲਾ ਵੱਲੋਂ ਪੰਜਾਬ ਰਾਜ ਅਤੇ ਹੋਰਨਾਂ ਵਿਰੁੱਧ ਪਾਈ ਪਟੀਸ਼ਨ ਉੱਤੇ ਕੇਂਦਰ ਦੀ ਨੁਮਾਇੰਦਗੀ ਅਰੁਣ ਗੋਸਾਈਂ ਨੇ ਕੀਤੀ। ਜਸਟਿਸ ਸਹਿਰਾਵਤ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਕੇਸ ਨੇ ਬਹੁਤ ਅਜੀਬ ਸਥਿਤੀ ਪੇਸ਼ ਕੀਤੀ ਹੈ। ਵਰਨਣ ਯੋਗ ਹੈ ਕਿ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ 29 ਮਾਰਚ ਨੂੰ ਇੱਕ ਨੋਟੀਫ਼ਿਕੇਸ਼ਨ ਜਾਰੀ ਕੀਤਾ ਸੀ, ਜਿਸ ਵਿੱਚ ਕੇਂਦਰ ਸ਼ਾਸਤ ਪ੍ਰਸ਼ਾਸਨ ਦੇ ਕਰਮਚਾਰੀਆਂ, ਸਰਕਾਰੀ ਕਾਲਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਕੰਮ ਕਰ ਰਹੇ ਉਚ ਸਿੱਖਿਆ ਸੰਸਥਾਵਾਂ ਦੇ ਟੀਚਰਾਂ ਸਮੇਤ ਸਭ ਉੱਤੇ ਕੇਂਦਰੀ ਸਿਵਲ ਸੇਵਾ ਨਿਯਮਲਾਗੂ ਕੀਤੇ ਸਨ। ਇਸ ਨੋਟੀਫ਼ਿਕੇਸ਼ਨ ਦੀ ਧਾਰਾ ਦਰਸਾਉਂਦੀ ਹੈ ਕਿ ਇਹ ਕਿਸੇ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿੱਚ ਕੰਮ ਕਰਦੇ ਜਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮਾਨਤਾ ਪ੍ਰਾਪਤ ਟੀਚਰਾਂ ਨੂੰ ਕਵਰ ਨਹੀਂ ਕਰਦੀ। ਨਤੀਜੇ ਵਜੋਂ ਚੰਡੀਗੜ੍ਹ ਦੇ ਸਰਕਾਰੀ ਅਦਾਰਿਆਂ ਵਿਚਲੇ ਲੈਕਚਰਾਰ 65 ਸਾਲ ਦੀ ਉਮਰ ਵਿੱਚ ਰਿਟਾਇਰ ਹੋ ਜਾਣਗੇ। ਯੂਨੀਵਰਸਿਟੀ ਦੇ ਟੀਚਿੰਗ ਵਿਭਾਗਾਂ ਅਤੇ ਮਾਨਤਾ ਪ੍ਰਾਪਤ ਕਾਲਜਾਂ ਵਿੱਚ ਕੰਮ ਕਰਦੇ ਪ੍ਰੋਫੈਸਰ/ਲੈਕਚਰਾਰ ਆਪਣੀ ਮੌਜੂਦਾ ਸਥਿਤੀ ਅਨੁਸਾਰ 60 ਸਾਲ ਦੀ ਉਮਰ ਵਿੱਚ ਸੇਵਾ ਮੁਕਤ ਹੋਣਗੇ। ਜਸਟਿਸ ਰਾਜਬੀਰ ਸਹਿਰਾਵਤ ਨੇ ਕਿਹਾ ਕਿ ਇਸ ਮਤਭੇਦ ਦਾ ਸਪੱਸ਼ਟ ਕਾਰਨ ਇਹ ਹੀ ਸੀ ਕਿ ਪੰਜਾਬ ਯੂਨੀਵਰਸਿਟੀ ਨੂੰ ਅੰਤਰ-ਰਾਜੀ ਸੰਸਥਾ ਕਾਰਪੋਰੇਟ ਦੱਸਿਆ ਗਿਆ ਸੀ। ਇਸ ਤਰ੍ਹਾਂ ਯੂਨੀਵਰਸਿਟੀ ਤੇ ਇਸਨਾਲ ਜੁੜੇ ਪ੍ਰਾਈਵੇਟ ਮਾਨਤਾ ਪ੍ਰਾਪਤ ਕਾਲਜਾਂ ਨਾਲ ਯੂਨੀਵਰਸਿਟੀ ਨੂੰ ਕੰਟਰੋਲ ਕਰਨ ਵਾਲੇ ਕਾਨੂੰਨ ਦੇ ਤਹਿਤ ਵੱਖਰੇ ਤੌਰ ਉੱਤੇ ਨਜਿੱਠਿਆ ਜਾ ਰਿਹਾ ਸੀ। ਜਸਟਿਸ ਸਹਿਰਾਵਤ ਨੇ ਅੱਗੇ ਕਿਹਾ ਕਿ ਯੂਨੀਵਰਸਿਟੀ ਅੱਜ ਤਕ ਵਿਸ਼ੇਸ਼ ਤੌਰ ਉੱਤੇ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹੈ। ਅੰਤਰਰਾਜੀ ਸੰਸਥਾ ਵਜੋਂ ਸੰਸਥਾ ਦਾ ਕਿਰਦਾਰ ਖ਼ਤਮ ਹੋ ਚੁੱਕਾ ਹੈ। ਚੰਡੀਗੜ੍ਹ ਦੀ ਸਿਰਫ਼ ਭਾਗੀਦਾਰੀ ਇਸ ਨੂੰ ਅੰਤਰਰਾਜੀ ਸੰਸਥਾ ਨਹੀਂ ਬਣਾ ਦੇਵੇਗੀ,



ਕਿਉਂਕਿ ਕੇਂਦਰ ਪ੍ਰਸ਼ਾਸਨ ਸਿਰਫ਼ ਕੇਂਦਰ ਸਰਕਾਰ ਦਾ ਸਾਧਨ ਹੈ। ਕਾਲਜਾਂ ਦੀ ਯੂਨੀਵਰਸਿਟੀ ਨਾਲ ਮਾਨਤਾ ਦਾ ਮੁੱਦਾ ਵੀ ਪੰਜਾਬ ਯੂਨੀਵਰਸਿਟੀ ਐਕਟ ਦੀ ਧਾਰਾ 27 ਅਨੁਸਾਰ ਕੇਂਦਰ ਸਰਕਾਰ ਨੇ ਮਿਥਣਾ ਹੈ। ਇਸ ਲਈ ਸੰਖੇਪ ਰੂਪ ਵਿੱਚ ਪੰਜਾਬ ਯੂਨੀਵਰਸਿਟੀ ਪਹਿਲਾਂ ਹੀ ਕੇਂਦਰੀ ਯੂਨੀਵਰਸਿਟੀ ਦੇ ਸਾਰੇ ਗੁਣ ਗ੍ਰਹਿਣ ਕਰ ਚੁੱਕੀ ਹੈ। ਇਸ ਵਿੱਚ ਇੱਕ ਅਜਿਹਾ ਮੁੱਢਲਾ ਕਾਰਜਕਾਰੀ ਤੇ ਪ੍ਰਬੰਧਕੀ ਢਾਂਚਾ ਹੈ, ਜੋ ਸ਼ਾਇਦ ਕਿਸੇ ਹੋਰ ਯੂਨੀਵਰਸਿਟੀ ਕੋਲ ਨਹੀਂ ਤੇ ਜੋ ਅਕਾਦਮਿਕ ਰਾਜਨੀਤੀ ਤੇ ਚੋਣ ਵਿਵਾਦਾਂ ਤੋਂ ਇਲਾਵਾ ਬਾਹਰੀ ਲੋਕਾਂ ਨੂੰ ਵੀ ਫੈਕਲਟੀ ਦੇ ਡੀਨ ਬਣਨ ਦੀ ਇਜਾਜ਼ਤ ਦਿੰਦਾ ਹੈ। ਜਸਟਿਸ ਸਹਿਰਾਵਤ ਨੇ ਅੱਗੇ ਕਿਹਾ ਕਿ ਇੱਕ ਅਨੁਕੂਲ ਅਕਾਦਮਿਕ ਮਾਹੌਲ ਨੂੰ ਯਕੀਨੀ ਬਣਾਉਣ ਲਈ ਇਸ ਨੂੰ ਸੁਧਾਰਨ ਦਾ ਹੱਕ ਹੈ, ਜੋ ਅਕਾਦਮਿਕ ਅਤੇ ਖੋਜ ਵਿੱਚ ਉਤਮਤਾ ਨੂੰ ਯਕੀਨੀ ਬਣਾਉਣ ਲਈ ਇੱਕ ਅਗੇਤੀ ਸ਼ਰਤ ਸੀ। ਇਸ ਤੋਂ ਇਲਾਵਾ ਯੂਨੀਵਰਸਿਟੀ ਤੇ ਇਸ ਨਾਲ ਸਬੰਧਤ ਕਾਲਜਾਂ ਵਿੱਚ ਕੰਮ ਕਰਦੇ ਟੀਚਰਾਂ ਦੀਆਂ ਸ਼ਿਕਾਇਤਾਂ ਨੂੰ ਵੀ ਹੱਲ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਸਾਰੀਆਂ ਗੁੰਝਲਾਂ ਨੂੰ ਦੂਰ ਕਰਨ ਤੇ ਯੂਨੀਵਰਸਿਟੀ ਦੇ ਮਾਮਲਿਆਂ ਨਾਲ ਸਬੰਧਤ ਸਾਰੇ ਖੇਤਰਾਂ ਵਿੱਚ ਪ੍ਰਚਲਿਤ ਭੰਬਲਭੂਸੇ ਦੂਰ ਕਰਨ ਲਈ ਕੇਂਦਰ ਸਰਕਾਰ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਰਸਮੀ ਤੌਰ ਉੱਤੇ ਤਬਦੀਲ ਕਰਨ ਬਾਰੇ ਵਿਚਾਰ ਕਰਨ ਲਈ ਆਦੇਸ਼ ਦਿੱਤਾ ਗਿਆ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਪਹਿਲਾਂ 40 ਫ਼ੀਸਦੀ ਗ੍ਰਾਂਟ ਪੰਜਾਬ, 40 ਫੀਸਦੀ ਗ੍ਰਾਂਟ ਹਰਿਆਣਾ ਤੇ 20 ਫੀਸਦੀ ਕੇਂਦਰ ਸਰਕਾਰ ਦਿੰਦੀ ਸੀ, ਬਾਅਦ ਵਿੱਚ ਹਰਿਆਣਾ ਨੇ ਆਪਣੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਨਾਲੋਂ ਤੋੜ ਕੇ ਕੁਰੂਕਸ਼ੇਤਰ ਯੂਨੀਵਰਸਿਟੀ ਨਾਲ ਜੋੜ ਲਿਆ ਤੇ ਗ੍ਰਾਂਟ ਦੇਣੀ ਬੰਦ ਕਰ ਦਿੱਤੀ ਅਤੇ ਫਿਰ ਕੇਂਦਰ ਸਰਕਾਰ 60 ਫ਼ੀਸਦੀ ਤੇ ਪੰਜਾਬ 40 ਫ਼ੀਸਦੀ ਗ੍ਰਾਂਟ ਦਿੰਦੇ ਰਹੇ, ਪ੍ਰੰਤੂ ਪਿਛਲੇ ਕੁਝ ਸਾਲਾਂ ਤੋਂ ਹੌਲੀ-ਹੌਲੀ ਪੰਜਾਬ ਸਰਕਾਰ ਨੇ ਆਪਣੇ ਹਿੱਸੇ ਦੀ ਗ੍ਰਾਂਟ ਘਟਾ ਕੇ ਸਿਰਫ਼ 8 ਫ਼ੀਸਦੀ ਉੱਤੇ ਕਰ ਦਿੱਤੀ ਹੈ ਤੇ 92 ਫ਼ੀਸਦੀ ਕੇਂਦਰ ਸਰਕਾਰ ਦੇ ਰਹੀ ਹੈ, ਜਿਸ ਲਈ ਪੰਜਾਬ ਸਰਕਾਰ ਵੀ ਜ਼ਿੰਮੇਵਾਰ ਹੈ।

# ਅਗਲੇ ਸਾਲ ਪੁਲਾੜ ਵਿੱਚ ਭਾਰਤ ਦਾ ਪਹਿਲਾ ਮਨੁੱਖ ਰਹਿਤ ਉਪਗ੍ਰਹਿ ਭੇਜਣ ਦਾ ਟੀਚਾ : ਜਤਿੰਦਰ ਸਿੰਘ

ਹੁਸ਼ਿਆਰਪੁਰ, 25 ਮਈ (ਪੋਸਟ ਬਿਊਰੋ)- ਕੇਂਦਰੀ ਵਿਗਿਆਨ ਤੇ ਤਕਨਾਲੋਜੀ ਰਾਜ ਮੰਤਰੀ ਜਤਿੰਦਰ ਸਿੰਘ ਨੇ ਕਿਹਾ ਹੈ ਕਿ ਭਾਵੇਂ ਕੋਵਿਡ ਕਾਰਨ ਗਗਨਯਾਨ ਪ੍ਰੋਜੈਕਟ ਵਿੱਚ ਦੇਰੀ ਹੋਈ ਹੈ, ਪਰ ਭਾਰਤ ਇਸ ਮਹੱਤਵਪੂਰਨ ਪ੍ਰੋਜੈਕਟ ਦੀ ਦਿਸ਼ਾ ਵਿੱਚ ਅੱਗੇ ਵੱਧ ਰਿਹਾ ਹੈ ਅਤੇ ਇਸ ਤਹਿਤ ਤਿੰਨ ਉਪਗ੍ਰਹਿ ਭੇਜੇ ਜਾਣਗੇ, ਜਿਨ੍ਹਾਂ ਵਿੱਚੋਂ ਪਹਿਲਾਂ ਮਨੁੱਖ ਰਹਿਤ ਉਪਗ੍ਰਹਿ ਅਗਲੇ ਸਾਲ ਭੇਜਿਆ ਜਾ ਸਕਦਾ ਹੈ।ਇਸ ਪਿੱਛੋਂ ਦੂਜੇ ਉਪਗ੍ਰਹਿਆਂ ਵਿੱਚ ਵਾਯੂ ਮਿੱਤਰ ਮਹਿਲਾ ਰੋਬੋਟ ਨੂੰ ਭੇਜਿਆ ਜਾਵੇਗਾ ਤਾਂ ਜੋ ਤੀਜੇ ਉਪਗ੍ਰਹਿ ਵਿੱਚ ਮਨੁੱਖੀ ਪੁਲਾੜ ਯਾਤਰੀ ਭੇਜਣ ਤੋਂ ਪਹਿਲਾਂ ਸਾਰੇ ਖਤਰੇਅਤੇ ਹਾਲਾਤ ਦਾ ਮੁਲਾਂਕਣ ਕੀਤਾ ਜਾ ਸਕੇ। ਉਹ ਕੱਲ੍ਹ ਇੱਥੇ ਡੀ ਏ ਵੀ ਕਾਲਜ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਹਨ।



ਇਸ ਮੌਕੇ ਭਾਜਪਾ ਦੇ ਕੌਮੀ ਆਗੂ ਅਵਿਨਾਸ਼ ਰਾਏ ਖੰਨਾ, ਸੂਬੇ ਦੇ ਪ੍ਰਮੁੱਖ ਸਰਜਨ ਡਾ. ਅਨੂਪ ਕੁਮਾਰ, ਸਾਬਕਾ ਵਿਧਾਇਕ ਕੇ ਡੀ ਭੰਡਾਰੀ ਅਤੇ ਸਾਬਕਾ ਸਿਵਲ ਸਰਜਨ ਡਾ. ਅਜੇ ਬੱਗਾ ਉਨ੍ਹਾਂ ਦੇ ਨਾਲ ਸਨ। ਕੇਂਦਰੀ ਰਾਜ ਮੰਤਰੀ ਨੇ ਕਿਹਾ ਕਿ ਭਾਰਤ ਇਸ ਬਾਰੇ ਚਾਰ ਦੇਸ਼ਾਂ ਦੇ ਗਰੁੱਪ ਦੀ ਆਈ ਇਨ ਸਕਾਈ ਯੋਜਨਾ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ। ਉਂਜ ਭਾਰਤ ਪਹਿਲਾਂ ਵੀ ਸਮਰੱਥ ਹੈ ਤੇ ਆਪਣੇ ਸੈਟੇਲਾਈਟਾਂ ਰਾਹੀਂ ਪੁਲਾੜ ਵਿੱਚ ਨਜ਼ਰ ਰੱਖ ਰਿਹਾ ਹੈ। ਡਾ. ਜਤਿੰਦਰ ਸਿੰਘ ਨੇ ਕਿਹਾ ਕਿ ਦੇਸ਼ ਵਿੱਚ ਸਟਾਰਟਅੱਪ ਈਕੋ-ਸਿਸਟਮ ਨੂੰ ਹੁਲਾਰਾ ਮਿਲਣ ਕਾਰਨ ਅੱਜ ਦੇਸ਼ ਵਿੱਚ 70 ਹਜ਼ਾਰ ਤੋਂ ਵੱਧ ਸਟਾਰਟਅੱਪ ਹਨ, ਜਿਨ੍ਹਾਂ ਵਿੱਚ ਨੌਜਵਾਨ ਵਰਗ ਨੂੰ ਆਤਮਨਿਰਭਰ ਬਣਾਉਂਦੇ ਹੋਏ ਦੇਸ਼ ਨੂੰ ਦੁਨੀਆ ਵਿੱਚ ਨਵੀਂ ਪਛਾਣ ਮਿਲੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੇ ਵਿਦੇਸ਼ ਜਾਣ ਨੂੰ ਰੋਕਣ ਲਈ ਕੇਂਦਰ ਸਰਕਾਰ ਆਪਣੀਆਂ ਵੱਖ-ਵੱਖ ਸਕੀਮਾਂ ਤਹਿਤ ਦੇਸ਼ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰ ਰਹੀ ਹੈ।

# ਭ੍ਰਿਸ਼ਟਾਚਾਰ ਵਿਰੁੱਧ ਭਗਵੰਤ ਮਾਨ ਦੇ ਮਾਸਟਰ ਸਟ੍ਰੋਕ ਦਾ ਮੁਕਾਬਲਾ ਕਰਨਾ ਹੋਰ ਪਾਰਟੀਆਂ ਲਈ ਚੁਣੌਤੀ

ਪਠਾਨਕੋਟ, 25 ਮਈ (ਪੋਸਟ ਬਿਊਰੋ)- ਪੰਜਾਬ ਦੀਆਂ ਪ੍ਰਮੁੱਖ ਮਿਉਂਸਪਲ ਕਾਰਪੋਰੇਸ਼ਨਾਂ ਦੇ ਨਾਲ ਸੰਗਰੂਰ ਲੋਕ ਸਭਾ ਉਪਚੋਣ ਹੋਣ ਵਾਲੀ ਹੈ ਅਤੇ 2024 ਵਿੱਚ ਲੋਕ ਸਭਾ ਚੋਣਾਂ ਬਾਰੇ ਵੀ ਪਾਰਟੀਆਂ ਅਗਲੇ ਸਾਲ ਤਿਆਰੀਆਂ ਸ਼ੁਰੂ ਕਰ ਦੇਣਗੀਆਂ। ਸਭ ਤੋਂ ਵੱਡਾ ਪ੍ਰਸ਼ਨ ਜੋ ਰਾਜਨੀਤਿਕ ਦਲਾਂ ਦੇ ਮੰਨ ਵਿੱਚ ਉਭਰ ਰਿਹਾ ਹੈ, ਉਹ ਇਹ ਹੈ ਕਿ ਆਮ ਆਦਮੀ ਪਾਰਟੀ ਦੇ ਨਾਲ ਕਿਸ ਦਲ ਦਾ ਮੁੱਖ ਮੁਕਾਬਲਾ ਹੋਣ ਜਾ ਰਿਹਾ ਹੈ।

ਚਾਹੇ ਭਾਰਤੀ ਜਨਤਾ ਪਾਰਟੀ ਨੇ ਵਿਧਾਨਸਭਾ ਚੋਣਾਂ ਵਿੱਚ ਨਾ ਖਾਸ ਵੋਟਾਂ ਲਈਆਂ ਹਨ ਤੇ ਨਾ ਸੀਟਾਂ, ਪਰ ਜਿਸ ਤਰ੍ਹਾਂ ਕਾਂਗਰਸ ਦੇ ਸੀਨੀਅਰ ਨੇਤਾ ਆਪਣਾ ਭਵਿੱਖ ਭਾਜਪਾ ਵਿੱਚ ਦੇਖ ਰਹੇ ਹਨ, ਉਸ ਤੋਂ ਲੋਕਾਂ ਵਿੱਚ ਕਾਫ਼ੀ ਉਕਸੁਕਤਾ ਵਧੀ ਹੈ। ਚੋਣਾਂ ਦੇ ਬਾਅਦ ਸਥਿਤੀ ਬਣੀ ਹੈ, ਉਸ ਵਿੱਚ ਕਾਂਗਰਸੀ ਨੇਤਾ ਆਪਣਾ ਭਵਿੱਖ ਭਾਜਪਾ ਵਿੱਚ ਦੇਖ ਰਹੇ ਹਨ। ਪੰਜਾਬ ਅਤੇ ਦੇਸ਼ ਦੇ ਕੱਦ-ਵਾਰ ਨੇਤਾ ਸੁਨੀਲ ਜਾਖੜ ਦੇ ਭਾਜਪਾ ਵਿੱਚ ਜਾਣ ਪਿੱਛੋਂ ਇੱਕਦਮ ਆਮ ਆਦਮੀ ਪਾਰਟੀ ਦੀ ਮੁੱਖਵਿਰੋਧੀ ਭਾਜਪਾ ਬਣਦੀ ਜਾਪਦੀ ਹੈ ਕਿਉਂਕਿ



ਕੇਂਦਰ ਵਿੱਚ ਭਾਜਪਾ ਦੀ ਮਜ਼ਬੂਤ ਮੋਦੀ ਸਰਕਾਰ ਹੈ ਤੇ ਜਿਸ ਪ੍ਰਕਾਰ ਨਾਲ ਕਾਂਗਰਸ ਦੀ ਸਥਿਤੀ ਪੂਰੇ ਦੇਸ਼ ਵਿੱਚ ਹੈ, 2024 ਵਿੱਚ ਭਾਜਪਾ ਇੱਕ ਵਾਰ ਫੇਰ ਬਾਜ਼ੀ ਮਾਰਨ ਦੀ ਸਥਿਤੀ ਵਿੱਚ ਹੋ ਸਕਦੀ ਹੈ। ਆਮ ਆਦਮੀ ਪਾਰਟੀ ਨੇ ਕੱਲ੍ਹ ਆਪਣੇ ਸਿਹਤ ਮੰਤਰੀ ਨੂੰ ਬਰਖਾਸਤ ਕਰਕੇ ਅਤੇ ਉਸਦੀ ਗ੍ਰਿਫ਼ਤਾਰੀ ਕਰਵਾ ਕੇ ਨਵਾਂ ਇਤਿਹਾਸ ਲਿਖ ਦਿੱਤਾ ਹੈ। ਪੌਣੇ ਤਿੰਨ ਕਰੋੜ ਪੰਜਾਬੀਆਂ ਨੂੰ ਭ੍ਰਿਸ਼ਟਾਚਾਰ ਤੋਂ ਮੁਕਤੀ ਵਰਗੇ ਵਾਅਦੇ ਬਹੁਤ ਚੰਗੇ ਲੱਗਦੇ ਹਨ, ਕਿਉਂਕਿ ਭ੍ਰਿਸ਼ਟਾਚਾਰ ਆਪਣੀ ਹੱਦਾਂ ਪਾਰ ਕਰ ਚੁੱਕਿਆ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਨੇ ਜੋ ਫੈਸਲਾ ਲਿਆ ਹੈ, ਉਹ ਮਾਨ ਸਰਕਾਰ ਦੀ ਲੋਕਪ੍ਰਿਅਤਾ ਅਸਮਾਨ ਉੱਤੇ ਲੈ ਜਾਵੇਗਾ।

# ਫਰਜ਼ੀ ਦਸਤਖਤ ਵਾਲੀ ਪਰਮੋਸ਼ਨ ਲਿਸਟ ਦੇ ਮਾਮਲੇ ਵਿੱਚ ਥਾਣੇਦਾਰ ਗ੍ਰਿਫਤਾਰ

ਚੰਡੀਗੜ੍ਹ, 25 ਮਈ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਡੀ ਜੀ ਪੀ ਦੇ ਫਰਜ਼ੀ ਦਸਤਖਤ ਕਰ ਕੇ ਤਰੱਕੀ ਸੂਚੀ ਜਾਰੀ ਕਰਨ ਦੇ ਕੇਸ ਵਿੱਚ ਸ਼ਾਮਲ ਐਸ ਆਈ ਹਰਵਿੰਦਰ ਸਿੰਘ ਨੂੰ ਚੰਡੀਗੜ੍ਹ ਪੁਲਸ ਨੇ ਕੱਲ੍ਹ ਗ੍ਰਿਫਤਾਰ ਕਰ ਲਿਆ। ਅੱਠ ਜਨਵਰੀ 2022 ਨੂੰ ਤਤਕਾਲੀ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਦੇ ਫਰਜ਼ੀ ਦਸਤਖਤ ਕਰ ਕੇ 11 ਪੁਲਸ ਵਾਲਿਆਂ ਨੂੰ ਤਰੱਕੀ ਦੇਣ ਦੀ ਸੂਚੀ ਜਾਰੀ ਕੀਤੀ ਗਈ ਸੀ। ਦੋਸ਼ੀ ਹਰਵਿੰਦਰ ਸਿੰਘ ਨੂੰ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕਰ ਕੇ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਤਿੰਨ ਦਿਨ ਦਾ ਰਿਮਾਂਡ ਲਿਆ ਹੈ।

ਇਸ ਕੇਸ ਵਿੱਚ ਅੱਜ ਤਕ ਸਾਬਕਾ ਡੀ ਜੀ ਪੀ ਦੇ ਪੀ ਏ ਕੁਲਵਿੰਦਰ ਸਿੰਘ, ਪੰਜਾਬ ਪੁਲਸ ਹੈਡਕੁਆਰਟਰ ਦੇ ਦੋ ਸੁਪਰਡੈਂਟਾਂ ਸਮੇਤ ਸੱਤ ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਫਰਾਰ ਦੋਸ਼ੀਆਂ ਐਸ ਆਈ ਸਤਿੰਦਰ ਤੇ ਹੌਲਦਾਰ ਸੰਜੀਵ ਦੀ ਭਾਲ ਜਾਰੀ ਹੈ।ਐਸ ਆਈ ਹਰਵਿੰਦਰ ਸਿੰਘ ਦੇ ਪੁੱਤਰ ਸਮੇਤ ਇੱਕ ਸਾਬਕਾ ਆਈ ਪੀ ਐਸ ਅਧਿਕਾਰੀ ਦੇ ਪੁੱਤਰ ਨੂੰ ਫਰਜ਼ੀ ਦਸਤਖਤਾਂਨਾਲ ਨਿਯੁਕਤੀ ਦੀ ਗੱਲ ਜਾਂਚ ਵਿੱਚ ਪਤਾ ਲੱਗੀ ਹੈ। ਇਸ ਪਿੱਛੋਂ ਹਰਵਿੰਦਰ ਦਾ ਪੁੱਤਰ ਵੀ ਫਰਾਰ ਹੈ, ਜੋ ਫਰਜ਼ੀ ਸੂਚੀ ’ਤੇ ਦਸਤਖਤ ਕਰਦਾ ਸੀ।

# ਹਵਾਲਾਤੀ ਨੇ ਜੇਲ੍ਹ ਅੰਦਰਲੀ ਵੀਡੀਓ ਸੋਸ਼ਲ ਮੀਡੀਆ ’ਤੇ ਪਾ ਦਿੱਤੀ

ਫਰੀਦਕੋਟ, 25 ਮਈ (ਪੋਸਟ ਬਿਊਰੋ)- ਸਥਾਨਕ ਕੇਂਦਰੀ ਮਾਡਰਨ ਜੇਲ੍ਹ ਵਿੱਚ ਨਜ਼ਰਬੰਦ ਇੱਕ ਹਵਾਲਾਤੀ ਨੇ ਸਮੁੱਚੀ ਜੇਲ੍ਹ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਪਾ ਕੇ ਜੇਲ੍ਹ ਪ੍ਰਬੰਧਾਂ ਉੱਤੇ ਸਵਾਲ ਖੜ੍ਹਾ ਕਰ ਦਿੱਤਾ ਹੈ।

ਜੇਲ੍ਹ ਅੰਦਰ ਬਣੀ ਵੀਡੀਓ ਵਿੱਚ ਨਜ਼ਰ ਆ ਰਹੇ ਨੌਜਵਾਨ ਦੀ ਸ਼ਨਾਖਤ ਕਰਣ ਸ਼ਰਮਾ ਵਜੋਂ ਹੋਈ ਹੈ, ਜਿਸ ਉੱਤੇ ਅਸਲਾ ਐਕਟ ਸਣੇ ਤਿੰਨ ਕੇਸ ਹਨ। ਕਰਣ ਸ਼ਰਮਾ ਦੇ ਖਿਲਾਫ ਸ਼ਿਕਾਇਤ ਕਰਨ ਵਾਲੇ ਪਰਵਾਰ ਨੇ ਡੀ ਜੀ ਪੀ ਪੰਜਾਬ ਨੂੰ ਸ਼ਿਕਾਇਤ ਭੇਜ ਕੇ ਦੋਸ਼ ਲਾਇਆ ਹੈ ਕਿ ਕੇਂਦਰੀ ਮਾਡਰਨ ਜੇਲ੍ਹ ਫਰੀਦਕੋਟ ਵਿੱਚ ਗੰਭੀਰ ਅਪਰਾਧਾਂ ਦੇ ਮੁਲਜ਼ਮਾਂ ਨੂੰ ਸ਼ਾਹੀ ਸਹੂਲਤਾਂ ਮਿਲ ਰਹੀਆਂ ਹਨ ਤੇ ਜੇਲ੍ਹ ਵਿੱਚ ਬੈਠੇ ਕੈਦੀ ਤੇ ਹਵਾਲਾਤੀ ਮੁਦੱਈਆਂ ਨੂੰ ਗਵਾਹੀਆਂ ਤੋਂ ਮੁਕਰਨ




ਦੀਆਂ ਧਮਕੀਆਂ ਦੇ ਰਹੇ ਹਨ। ਜੇਲ੍ਹ ਵਿੱਚ ਗੰਭੀਰ ਅਪਰਾਧਾਂ ਵਾਲੇ ਕੈਦੀਆਂ ਤੇ ਹਵਾਲਾਤੀਆਂ ਵੱਲੋਂ ਮੋਬਾਈਲ ਅਤੇ ਇੰਟਰਨੈਟ ਸੇਵਾਵਾਂ ਵਰਤਣ ਦਾ ਭੇਦ ਖੁੱਲ੍ਹਣ ਤੋਂ ਬਾਅਦ ਫਰੀਦਕੋਟ ਦੇ ਆਈ ਜੀ ਦੀ ਅਗਵਾਈ ਹੇਠ ਇੱਥੇ ਛਾਪੇਮਾਰੀ ਕੀਤੀ ਗਈ ਸੀ, ਪਰ ਹਾਲੇ ਵੀ ਜੇਲ੍ਹ ਵਿੱਚ ਮੋਬਾਈਲ ਫੋਨ ਅਤੇ ਇੰਟਰਨੈਟ ਦੀ ਵਰਤੋਂ ਨਹੀਂ ਰੁਕ ਰਹੀ।

ਇਸ ਵੇਲੇ ਸਥਾਨਕ ਕੇਂਦਰੀ ਮਾਡਰਨ ਜੇਲ੍ਹ ਵਿੱਚ ਤਿੰਨ ਹਜ਼ਾਰ ਦੇ ਕਰੀਬ ਕੈਦੀ ਅਤੇ ਹਵਾਲਾਤੀ ਹਨ। ਮੋਹਾਲੀ ਧਮਾਕੇ ਦਾ ਮੁੱਖ ਦੋਸ਼ੀ ਨਿਸ਼ਾਨ ਸਿੰਘ ਵੀ ਇਸੇ ਜੇਲ੍ਹ ਵਿੱਚ ਹੈ। ਇਸ ਕੇਸ ਦੀ ਜਾਂਚ ਕਰ ਰਹੀ ਟੀਮ ਨੇ ਦਾਅਵਾ ਕੀਤਾ ਹੈ ਕਿ ਮੋਹਾਲੀ ਧਮਾਕੇ ਦੀ ਸਾਜ਼ਿਸ਼ ਫਰੀਦਕੋਟ ਜੇਲ੍ਹ ਵਿੱਚ ਰਚੀ ਗਈ ਸੀ। ਜੇਲ੍ਹ ਪ੍ਰਸ਼ਾਸਨ ਦਾ ਦਾਅਵਾ ਹੈ ਕਿ ਗੈਰ ਕਾਨੂੰਨੀ ਤਰੀਕੇ ਨਾਲ ਮੋਬਾਈਲ ਫੋਨ ਦੀ ਵਰਤੋਂ ਕਰਨ ਦੇ ਦੋਸ਼ ਹੇਠ 70 ਕੈਦੀਆਂ ਤੇ ਹਵਾਲਾਤੀਆਂ ਖਿਲਾਫ ਕੇਸ ਦਰਜ ਕੀਤੇ ਗਏ ਹਨ, ਪਰ ਇਸ ਦੇ ਬਾਵਜੂਦ ਜੇਲ੍ਹ ਵਿੱਚ ਮੋਬਾਈਲ ਫੋਨ ਪਹੁੰਚਣ ਬਾਰੇ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ।ਕੇਂਦਰੀ ਮਾਡਰਨ ਜੇਲ੍ਹ ਦੇ ਸੁਪਰਡੈਂਟ ਨੇ ਕਿਹਾ ਕਿ ਜੇਲ੍ਹ ਵਿੱਚ ਕੈਦੀਆਂ ਤੇ ਹਵਾਲਾਤੀਆਂ ਲਈ ਮੋਬਾਈਲ ਫੋਨ ਅਤੇ ਇੰਟਰਨੈਟ ਵਰਤਣ ਦੀ ਮੁਕੰਮਲ ਪਾਬੰਦੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਫਰੀਦਕੋਟ ਜੇਲ੍ਹ ਵਿੱਚ ਤਿੰਨ ਹਜ਼ਾਰ ਦੇ ਕਰੀਬ ਕੈਦੀ ਤੇ ਹਵਾਲਾਤੀ ਹਨ ਅਤੇ ਇਸ ਦੀ ਪੜਤਾਲ ਕੀਤੀ ਜਾ ਰਹੀ ਹੈ ਕਿ ਵਿਵਾਦਤ ਵੀਡੀਓ ਜੇਲ੍ਹ ਵਿੱਚ ਕਿਵੇਂ ਬਣਾਈ ਗਈ।

# ਹਾਈ ਕੋਰਟ ਨੇ ਪਤੀ ਨੂੰ ਪਤਨੀ ਵਾਪਸ ਦਿਵਾਈ

* ਲਵ ਮੈਰਿਜ ਕਰਨ ਵਾਲੀ ਲੜਕੀ ਦੂਸਰੇ ਨਾਲ ਵਿਆਹ ਦਿੱਤੀ ਸੀ

ਸਨੌਰ, 25 ਮਈ (ਪੋਸਟ ਬਿਊਰੋ)- ਪਿੰਡ ਘੜਾਮ ਵਿੱਚ ਦੂਸਰੀ ਜਾਤੀ ਦੇ ਨੌਜਵਾਨ ਨਾਲ ਲਵ ਮੈਰਿਜ ਕਰਾਉਣ ਵਾਲੀ 21 ਸਾਲਾ ਲੜਕੀ ਨੂੰ ਉਸ ਦੀ ਬਰਾਦਰੀ ਨਾਲ ਸਬੰਧਤ ਸਰਪੰਚ ਨਾ ਸਿਰਫ ਸਾਥੀਆਂ ਦੀ ਮਦਦ ਨਾਲ ਬਹਾਨੇਬਾਜ਼ੀ ਨਾਲ ਸਹੁਰੇ ਘਰੋਂ ਲੈ ਗਿਆ, ਸਗੋਂ ਲੜਕੀ ਦੀ ਮਾਰਕੁੱਟ ਕਰ ਕੇ ਪਿੰਡ ਦੇ ਉਸੇ ਜਾਤੀ ਦੇ ਨੌਜਵਾਨ ਨਾਲ ਜਬਰਨ ਵਿਆਹ ਵੀ ਕਰਵਾ ਦਿੱਤਾ। ਲੜਕੀ ਦਾ ਪਤੀ ਹਾਈ ਕੋਰਟ ਚਲਾ ਗਿਆ। ਕੋਰਟ ਦੇ ਹੁਕਮਾਂ ਉੱਤੇ ਪੁਲਸ ਨੇ ਲੜਕੀ ਨੂੰ ਬਰਾਮਦ ਕਰ ਕੇ ਸਰਪੰਚ ਸ਼ਮਸ਼ੇਰ ਸਿੰਘ ਅਤੇ ਉਸ ਦੇ ਸਾਥੀਆਂ ਜਸਵੀਰ ਸਿੰਘ, ਗੁਰਨਾਮ ਸਿੰਘ, ਜੈ ਸਿੰਘ, ਸਰਬਜੀਤ ਸਿੰਘ, ਵਾਸੀ ਪਿੰਡ ਘੜਾਮ ਖਿਲਾਫ ਕੇਸ ਦਰਜ ਕਰ ਲਿਆ ਹੈ। ਸਰਪੰਚ ਸਾਥੀਆਂ ਸਮੇਤ ਫਰਾਰ ਹੈ। ਪੁਲਸ ਨੂੰ ਪੀੜਤਾ ਨੇ ਦੱਸਿਆ ਕਿ ਛੇ ਮਈ ਨੂੰ ਉਸ ਨੇ ਪਿੰਡ ਦੇ ਵਿਕਰਮਜੀਤ ਸਿੰਘ ਨਾਲ ਵਿਆਹ ਕੀਤਾ ਸੀ। 14 ਨੂੰ ਸ਼ਮਸ਼ੇਰ ਅਤੇ ਹੋਰ ਦੋਸ਼ੀ ਉਸ ਦੇ ਸਹੁਰੇ ਘਰ ਆਏ ਅਤੇ ਪੰਜ-ਛੇ ਦਿਨ ਲਈ ਉਸ ਨੂੰ ਨਾਲ ਲੈ ਗਏ। 16 ਮਈ ਨੂੰ ਜੈ ਸਿੰਘ ਨੇ ਮਾਰਕੁੱਟ ਕਰ ਕੇ ਉਸ ਦਾ ਪਿੰਡ ਦੇ ਹਰਜੀਤ ਸਿੰਘ ਨਾਲ ਕਰਵਾ ਦਿੱਤਾ। ਪੁਲਸ ਨੇ ਦੋਸ਼ੀਆਂ ਦੀ ਤਲਾਸ਼ ਸ਼ੁਰੂ ਕੀਤੀ ਅਤੇ ਦੱਸਿਆ, ਸਰਪੰਚ ਤੇ ਹੋਰ ਜਣੇ ਸਹਿਮਤੀ ਨਾਲ ਵਾਪਸ ਭੇਜਣ ਦੀ ਗੱਲ ਕਹਿ ਕੇ ਲੜਕੀ ਨੂੰ ਲੈ ਗਏ ਸਨ। ਲੜਕੀ ਦੇ ਮਾਪਿਆਂ ਨੂੰ ਵੀ ਨਹੀਂ ਪਤਾ ਸੀ। ਲੜਕੀ ਦਾ ਵਿਆਹ ਦੂਸਰੇ ਨੌਜਵਾਨ ਨਾਲ ਕਰਨ ਦੀ ਸ਼ਿਕਾਇਤ ਹਾਈ ਕੋਰਟ ਵਿੱਚ ਹੋਣ ਤੇ ਕੋਰਟ ਦੇ ਹੁਕਮਾਂ ਉੱਤੇ ਲੜਕੀ ਨੂੰ ਬਰਾਮਦ ਕਰ ਕੇ ਲੜਕੀ ਪਤੀ ਨੂੰ ਸੌਂਪ ਦਿੱਤੀ ਗਈ ਹੈ।



## ਅਸਥੀਆਂ ਪ੍ਰਵਾਹ ਕੇ ਪਰਤਦੇ ਪਰਵਾਰ ਦੇ ਛੇ ਜੀਆਂ ਦੀ ਸੜਕ ਹਾਦਸੇ ਵਿੱਚ ਮੌਤ

ਜੀਂਦ, 25 ਮਈ (ਪੋਸਟ ਬਿਊਰੋ)- ਹਰਿਆਣਾ ਦੇ ਜੀਂਦ ਵਿੱਚ ਕੱਲ੍ਹ ਇੱਕਸੜਕ ਹਾਦਸਾ ਵਾਪਰਿਆ, ਜਿੱਥੇ ਹਰਿਦੁਆਰ ਤੋਂ ਅਸਥੀਆਂ ਪ੍ਰਵਾਹ ਕੇ ਵਾਪਸ ਪਰਤ ਰਹੇ ਨਾਰਨੌਂਦ ਦੇ ਇੱਕ ਪਰਵਾਰ ਦੀ ਪਿਕਅੱਪ ਗੱਡੀ ਕੈਥਲ ਰੋਡ ਉੱਤੇ ਪਿੰਡ ਕੰਡੇਲਾ ਨੇੜੇ ਇੱਕ ਟਰੱਕ ਨਾਲ ਟਕਰਾਅ ਗਈ। ਇਸ ਹਾਦਸੇ ਵਿੱਚ ਦੋ ਔਰਤਾਂ ਸਣੇ ਛੇ ਲੋਕਾਂ ਦੀ ਮੌਤ ਹੋ ਗਈ, ਜਦਕਿ 17 ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਹਾਦਸੇ ਵਿੱਚ ਮਾਰੇ ਗਏ ਸਾਰੇ ਲੋਕ ਇੱਕੋ ਪਰਵਾਰ ਦੇ ਸਨ। ਇਹ ਸਾਰੇ ਜਣੇ ਪਰਵਾਰ ਦੇ ਮੁਖੀ ਦੀ ਮੌਤ ਪਿੱਛੋਂ ਉਸਦੀਆਂ ਅਸਥੀਆਂ ਪ੍ਰਵਾਹ ਕੇ ਹਰਿਦੁਆਰ ਤੋਂ ਪਰਤ ਰਹੇ ਸਨ।

ਇਸ ਘਟਨਾ ਦੇ ਜ਼ਖ਼ਮੀਆਂ ਨੇ ਦੱਸਿਆ ਕਿ ਹਿਸਾਰ ਜ਼ਿਲ੍ਹੇ ਦੇ ਪਿੰਡ ਨਾਰਨੌਂਦ ਦੇ ਵਾਸੀ ਪਿਆਰੇ ਲਾਲ ਦੀ ਪਿਛਲੇ ਦਿਨੀਂ ਮੌਤ ਹੋ ਗਈ ਸੀ। ਪਰਵਾਰਕ ਮੈਂਬਰ ਪਿਕਅੱਪ ਗੱਡੀ ਵਿੱਚ ਅਸਥੀਆਂ ਪ੍ਰਵਾਹ ਕਰਨ ਲਈ ਹਰਿਦੁਆਰ ਗਏ ਸਨ। ਸਵੇਰੇ ਜਦੋਂ ਉਹ ਹਰਿਦੁਆਰ ਤੋਂ ਮੁੜ ਰਹੇ ਸਨ ਤਾਂ ਪਿੰਡ ਕੰਡੇਲਾ ਨੇੜੇ ਜੀਂਦ ਤੋਂ ਕੈਥਲ ਜਾਂਦੇ ਟਰੱਕ ਨਾਲ ਪਿਕਅੱਪ ਦੀ ਟੱਕਰ ਹੋ ਗਈ। ਹਾਦਸੇ ਵਿੱਚ ਪਿਕਅੱਪ ਦਾ ਅਗਲਾ ਹਿੱਸਾ ਪੂਰੀ ਤਰ੍ਹਾਂ ਨੁਕਸਾਨਿਆ ਗਿਆ। ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ। ਜਿੱਥੇ ਡਾਕਟਰਾਂ ਨੇ ਛੇ ਜਣਿਆਂ ਨੂੰ ਮ੍ਰਿਤਕ ਐਲਾਨ ਦਿੱਤਾ ਅਤੇ 17 ਜ਼ਖ਼ਮੀਆਂ ਦਾ ਸਿਵਲ ਹਸਪਤਾਲ ਵਿਖੇ ਇਲਾਜ ਚੱਲ ਰਿਹਾ ਹੈ।ਸਦਰ ਥਾਣਾ ਇੰਚਾਰਜ ਨੇ ਦੱਸਿਆ ਕਿ ਟਰੱਕ ਜੀਂਦ ਤੋਂ ਕੈਥਲ ਵੱਲ ਜਾ ਰਿਹਾ ਸੀ। ਹਾਦਸੇ ਤੋਂ ਬਾਅਦ ਡਰਾਈਵਰ ਟਰੱਕ ਨੂੰ ਮੌਕੇ ਉੱਤੇ ਛੱਡ ਕੇ ਫਰਾਰ ਹੋ ਗਿਆ ਹੈ।

### ਸ਼੍ਰੀਨਗਰ ਵਿੱਚ ਫਿਰ ਟਾਰਗੈਟ ਕਿਲਿੰਗ:

## ਪੁਲਸ ਕਰਮਚਾਰੀ ਦਾ ਘਰ ਨੇੜੇ ਗੋਲੀ ਮਾਰ ਕੇ ਕਤਲ, ਬੇਟੀ ਜ਼ਖ਼ਮੀ

ਸ਼੍ਰੀਨਗਰ, 25 ਮਈ (ਪੋਸਟ ਬਿਊਰੋ)- ਅੱਤਵਾਦੀਆਂ ਨੇ ਕੱਲ੍ਹ ਫਿਰ ਟਾਰਗੈਟ ਕਿਲਿੰਗ ਵਿੱਚ ਪੁਲਸ ਕਰਮਚਾਰੀ ਦੀ ਉਸ ਦੇ ਘਰ ਦੇ ਨੇੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਸ ਘਟਨਾ ਵਿੱਚ ਪੁਲਸ ਮੁਲਾਜ਼ਮ ਦੀ ਸੱਤ ਸਾਲਾ ਬੇਟੀ ਵੀ ਜ਼ਖ਼ਮੀ ਹੋ ਗਈ, ਜਿਸ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਅੱਤਵਾਦੀਆਂ ਨੇ ਸੌਵਰਾ ਇਲਾਕੇ ਦੇ ਅੰਚਾਰ ਵਿੱਚਜਦੋਂ ਪੁਲਸ ਮੁਲਾਜ਼ਮ ਸੈਫੁੱਲਾ ਕਾਦਰੀ ਉੱਤੇ ਗੋਲੀ ਚਲਾਈ ਤਾਂ ਉਨ੍ਹਾਂ ਦੀ ਸੱਤ ਸਾਲਾ ਬੇਟੀ ਉਨ੍ਹਾਂ ਦੇ ਨਾਲ ਸੀ। ਇਸ ਦੌਰਾਨ ਉਹ ਵੀ ਜ਼ਖ਼ਮੀ ਹੋ ਗਈ।ਜ਼ਖ਼ਮੀ ਮੁਲਾਜ਼ਮ ਨੂੰ ਨੇੜੇ ਦੇ ਹਸਪਤਾਲਲਿਜਾਇਆ ਗਿਆ, ਜਿੱਥੇ ਡਾਕਟਰ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ, ਪਰ ਜ਼ਖ਼ਮੀ ਬੇਟੀ ਦੀ ਹਾਲਤ ਸਥਿਰ ਹੈ।ਪੁਲਸ ਦਾ ਮੁਲਾਜ਼ਮ ਸੈਫੁੱਲਾ ਕਾਦਰੀ ਪੁੱਤਰ ਮੋਹੱਮ ਸਈਦ ਕਾਦਰੀਵਾਸੀ ਮਲਿਕ ਸਾਹਿਬ ਪੋਰਾ ਸੀ। ਦੱਸਿਆ ਗਿਆ ਹੈ ਕਿ ਅੱਤਵਾਦੀਆਂ ਨੇ ਨੇੜੇ ਤੋਂ ਗੋਲੀ ਮਾਰੀ ਹੈ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਸੁਰੱਖਿਆ ਦਸਤਿਆਂ ਨੇ ਖੇਤਰ ਦੀ ਘੇਰਾਬੰਦੀ ਕਰ ਕੇ ਹਮਲਾਵਰਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

# ਕਵਾਡ ਦੇਸ਼ ਅੱਤਵਾਦੀ ਸੰਗਠਨਾਂ ਖ਼ਿਲਾਫ਼ ਸਾਂਝੀ ਕਾਰਵਾਈ ਕਰਨਗੇ

### * 26/11 ਦੇ ਮੁੰਬਈ ਤੇ ਪਠਾਨਕੋਟ ਹਮਲਿਆਂ ਦੀ ਨਿੰਦਾ



ਟੋਕੀਓ, 25 ਮਈ (ਪੋਸਟ ਬਿਊਰੋ)- ਕਵਾਡ ਦੇਸ਼ਾਂ ਦੇ ਨੇਤਾਵਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ, ਜਾਪਾਨੀ ਪ੍ਰਧਾਨ ਮੰਤਰੀ ਫੁਮੀਓ ਕਿਸ਼ਿਦਾ ਅਤੇ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥੋਨੀ ਅਲਬਾਨੀਜ਼ ਨੇ ਜਾਪਾਨ ਦੀ ਰਾਜਧਾਨੀ ਟੋਕੀਓ ਵਿੱਚ ਹੋਏ ਸਿਖਰ ਸੰਮੇਲਨ ਵਿੱਚ ਮੁੰਬਈ ਉੱਤੇ 26/11 ਦੇ ਅੱਤਵਾਦੀ ਹਮਲੇ ਸਮੇਤ ਅੱਤਵਾਦ ਦੀਆਂਸਭਕਿਸਮਾਂ ਤੇ ਪ੍ਰਗਟਾਵਿਆਂ ਦੀ ਸਪੱਸ਼ਟ ਨਿੰਦਾ ਕੀਤੀ ਅਤੇ ਕਿਹਾ ਕਿ ਉਹ ਸਾਰੇ ਅੱਤਵਾਦੀ ਸੰਗਠਨਾਂ ਖ਼ਿਲਾਫ਼ ਸਾਂਝੀ ਕਾਰਵਾਈ ਕਰਨਗੇ।ਸਿਖਰ ਸੰਮੇਲਨ ਪਿੱਛੋਂ ਜਾਰੀ ਸਾਂਝੇ ਬਿਆਨ ਵਿੱਚ ਸਪੱਸ਼ਟ ਤੌਰ ਉੱਤੇ ਅੱਤਵਾਦੀ ਸਰਗਰਮੀਆਂ ਦੀ ਨਿੰਦਾ ਕੀਤੀ ਗਈ ਅਤੇ ਕਿਹਾ ਗਿਆ ਹੈ ਕਿ ''ਅਸੀਂ ਭਾਰਤ ਵਿੱਚ 26/11 ਦੇ ਮੁੰਬਈ ਤੇ ਪਠਾਨਕੋਟ ਵਿੱਚ ਹੋਏ ਹਮਲਿਆਂ ਸਮੇਤ ਅੱਤਵਾਦੀ ਹਮਲਿਆਂ ਦੀ ਮੁੜ ਨਿੰਦਾ ਕਰਦੇ ਹਾਂ।''

ਕਵਾਡ ਦੇਸ਼ਾਂ ਨੇ ਅੱਤਵਾਦੀਆਂ ਦੇ ਹਮਲਿਆਂ ਨੂੰ ਰੋਕਣ ਤੇ ਅੱਤਵਾਦੀ ਗਰੁੱਪਾਂ ਨੂੰ ਕੋਈ ਵਿੱਤੀ ਜਾਂ ਫ਼ੌਜੀ ਸਹਾਇਤਾ ਪੁਚਾਉਣੀ ਬੰਦ ਕਰਨ ਉੱਤੇ ਜ਼ੋਰ ਦਿੱਤਾ, ਜਿਸ ਦੀ ਵਰਤੋਂ ਸਰਹੱਦ ਪਾਰਲੇ ਹਮਲਿਆਂ ਸਮੇਤ ਅੱਤਵਾਦੀ ਹਮਲਿਆਂ ਨੂੰ ਸ਼ੁਰੂ ਕਰਨ ਜਾਂ ਯੋਜਨਾ ਬਣਾਉਣ ਲਈ ਕੀਤੀ ਜਾ ਸਕਦੀ ਹੈ।ਕਵਾਡ ਦੇਸ਼ਾਂ ਨੇ ਯੂ ਐਨ ਸਕਿਓਰਟੀ ਕੌਂਸਲ ਦੇ ਮਤਾ ਨੰਬਰ 2593 (2021) ਦੀ ਵੀ ਪੁਸ਼ਟੀ ਕੀਤੀ, ਜੋ ਮੰਗ ਕਰਦਾ ਹੈ ਕਿ ਅਫਗਾਨ ਖੇਤਰ ਦੀ ਵਰਤੋਂ ਫਿਰ ਕਦੇ ਕਿਸੇ ਦੇਸ਼ ਨੂੰ ਧਮਕਾਉਣ ਜਾਂ ਹਮਲਾ ਸਿਖਲਾਈ ਦੇਣ ਜਾਂ ਅੱਤਵਾਦੀ ਹਮਲਿਆਂ ਦੀ ਯੋਜਨਾ ਜਾਂ ਫੰਡਿੰਗ ਲਈ ਨਹੀਂ ਹੋਣੀ ਚਾਹੀਦੀ।ਬਿਆਨ ਵਿੱਚ ਕਿਹਾ ਗਿਆ ਕਿ ਅਸੀਂ ਵਿੱਤੀ ਕਾਰਵਾਈ ਕਾਰਜ-ਬਲ (ਐਫ ਏ ਟੀ ਐਫ) ਦੀਆਂ ਸਿਫਾਰਿਸ਼ਾਂ ਮੁਤਾਬਕ ਸਾਰੇ ਦੇਸ਼ਾਂ ਵੱਲੋਂ ਮਨੀ-ਲਾਂਡ੍ਰਿੰਗ ਵਿਰੋਧੀ ਤੇ ਅੱਤਵਾਦ ਦੀ ਫੰਡਿੰਗ ਦਾ ਮੁਕਾਬਲਾ ਕਰਨ ਲਈ ਕੌਮਾਂਤਰੀ ਮਾਪਦੰਡਾਂ ਨੂੰ ਬਣਾਈ ਰੱਖਣ ਦੀ ਅਹਿਮੀਅਤ ਉੱਤੇ ਜ਼ੋਰ ਦਿੰਦੇ ਹਾਂ। ਕਵਾਡ ਦੀ ਅਗਲੀ ਅਤੇ 5ਵੀਂ ਸਿਖਰ ਬੈਠਕ ਦਾ ਆਯੋਜਨ ਸਾਲ 2023 'ਚ ਆਸਟ੍ਰੇਲੀਆ ਵਿੱਚ ਕੀਤਾ ਜਾਵੇਗਾ। ਸਾਲ 2007 ਵਿੱਚ ਜਾਪਾਨ ਦੇ ਤਤਕਾਲੀਨ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਨੇ ਕਵਾਡ ਸੰਗਠਨ ਦੀ ਸਥਾਪਨਾ ਕੀਤੀ ਸੀ।

## ਕਾਂਗਰਸ ਵਿੱਚ ਨਵੀਂ ਰੂਹ ਫੂਕਣ ਲਈ ਟਾਸਕ ਫੋਰਸ ਬਣਾਈ ਗਈ

ਨਵੀਂ ਦਿੱਲੀ, 25 ਮਈ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪਾਰਟੀ ਦੀ ਭਵਿੱਖ ਦੀ ਰੂਪ-ਰੇਖਾ ਲਈ ਖਾਕਾ ਤਿਆਰ ਕਰਦਿਆਂ ਕੱਲ੍ਹ ਤਿੰਨ ਗਰੁੱਪ ਬਣਾਏ ਹਨ। ਇਨ੍ਹਾਂ ਵਿੱਚ ਅਹਿਮ ਮਸਲਿਆਂ ਉੱਤੇ ਸੇਧ ਦੇਣ ਲਈ ਸਿਆਸੀ ਮਾਮਲਿਆਂ ਬਾਰੇ ਕਮੇਟੀ, ਉਦੈਪੁਰ ਨਵ ਸੰਕਲਪ ਐਲਾਨਨਾਮੇ ਨੂੰ ਲਾਗੂ ਕਰਨ ਲਈਟਾਸਕ ਫੋਰਸ 2024 ਅਤੇ ਇਸ ਦੇ ਨਾਲ ਦੋ ਅਕਤੂਬਰ ਦੀ ਤਜਵੀਜ਼ਤ 'ਭਾਰਤ ਜੋੜੋ ਯਾਤਰਾ' ਦੇ ਤਾਲਮੇਲ ਲਈ ਕਮੇਟੀ ਸ਼ਾਮਲ ਹਨ।

ਇਸ ਕੰਮ ਵਿੱਚ ਰਾਹੁਲ ਗਾਂਧੀ ਅਤੇ ਜੀ-23 ਗਰੁੱਪ ਦੇ ਦੋ ਅਹਿਮ ਮੈਂਬਰਾਂ ਗੁਲਾਮ ਨਬੀ ਆਜ਼ਾਦ ਅਤੇ ਆਨੰਦ ਸ਼ਰਮਾ ਨੂੰ ਜਿੱਥੇ ਸਿਆਸੀ ਮਾਮਲਿਆਂ ਦੇ ਗਰੁੱਪ ਵਿੱਚ ਰੱਖਿਆ ਗਿਆ, ਉਥੇ ਸੀਨੀਅਰ ਆਗੂ ਪੀ ਚਿਦੰਬਰਮ, ਪ੍ਰਿਅੰਕਾ ਗਾਂਧੀ ਵਾਡਰਾ ਤੇ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੇ ਨੇੜਲੇ ਸਾਥੀ ਸੁਨੀਲ ਕਨੂਗੋਲੂ ਨੂੰ ਟਾਸਕ ਫੋਰਸ-2024 ਵਿੱਚ ਥਾਂ ਦਿੱਤੀ ਗਈ ਹੈ। ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੇ ਗਾਂਧੀ ਜੈਅੰਤੀ ਮੌਕੇ ਕੰਨਿਆਕੁਮਾਰੀ ਤੋਂ ਕਸ਼ਮੀਰ ਤਕ ਵਿਉਂਤੀ ਗਈ 'ਭਾਰਤ ਜੋੜੋ ਯਾਤਰਾ' ਵਿੱਚ ਤਾਲਮੇਲ ਲਈ ਵੀ ਗਰੁੱਪਬਣਾਇਆ ਹੈ। ਪਾਰਟੀ ਵੱਲੋਂ ਜਾਰੀ ਬਿਆਨ ਦੇ ਮੁਤਾਬਕ ਰਾਜਸਥਾਨ ਦੇ ਉਦੈਪੁਰ ਵਿੱਚ ਨਵ ਸੰਕਲਪ ਕੈਂਪਪਿੱਛੋਂ ਕਾਂਗਰਸ ਪ੍ਰਧਾਨ ਨੇ ਸਿਆਸੀ ਮਾਮਲਿਆਂ ਦਾਗਰੁੱਪਬਣਾਇਆਹੈ, ਜਿਸ ਦੀ ਅਗਵਾਈ ਉਹ ਖੁਦ ਕਰਨਗੇ। ਇਸ ਵਿੱਚ ਪਾਰਟੀ ਪ੍ਰਧਾਨ ਦੇ ਨਾਲ ਰਾਹੁਲ ਗਾਂਧੀ, ਮਲਿਕਾਰ-ਜੁਨ ਖੜਗੇ, ਗੁਲਾਮ ਨਬੀ ਆਜ਼ਾਦ, ਅੰਬਿਕਾ ਸੋਨੀ, ਦਿਗਵਿਜੇ ਸਿੰਘ, ਆਨੰਦ ਸ਼ਰਮਾ, ਕੇ ਸੀ ਵੇਣੂਗੋਪਾਲ ਤੇ ਜਤਿੰਦਰ ਸਿੰਘ ਸ਼ਾਮਲ ਹਨ। ਟਾਸਕ ਫੋਰਸ-2024 ਦੇ ਮੈਂਬਰਾਂ ਵਿੱਚ ਪੀ ਚਿਦੰਬਰਮ, ਮੁਕੁਲ ਵਾਸਨਿਕ, ਜੈਰਾਮ ਰਮੇਸ਼, ਕੇ ਸੀ ਵੇਣੂਗੋਪਾਲ, ਅਜੈ ਮਾਕਨ, ਪ੍ਰਿਅੰਕਾ ਗਾਂਧੀ ਵਾਡਰਾ, ਰਣਦੀਪ ਸਿੰਘ ਸੁਰਜੇਵਾਲਾ ਅਤੇ ਸੁਨੀਲ ਕਨੂਗੋਲੂ ਹੋਣਗੇ। ਇਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਟਾਸਕ ਫੋਰਸ ਦੇ ਹਰ ਮੈਂਬਰ ਨੂੰ ਜਥੇਬੰਦੀ, ਸੰਚਾਰ ਅਤੇ ਮੀਡੀਆ, ਲੋਕਾਂ ਤਕ ਪਹੁੰਚ, ਵਿੱਤ ਅਤੇ ਚੋਣ ਪ੍ਰਬੰਧਾਂ ਜਿਹੇ ਵਿਸ਼ੇਸ਼ ਕਾਰਜਾਂ ਦੀ ਜ਼ਿੰਮੇਵਾਰੀ ਸੌਂਪੀ ਜਾਵੇਗੀ। ਬਿਆਨ ਮੁਤਾਬਕ ਨਾਮਜਦ ਟੀਮਾਂ ਨੂੰ ਜਲਦੀ ਹੀ ਨੋਟੀਫਾਈ ਕਰ ਦਿੱਤਾ ਜਾਵੇਗਾ ਅਤੇ ਟਾਸਕ ਫੋਰਸ ਉਦੈਪੁਰ ਨਵ ਸੰਕਲਪ ਐਲਾਨਨਾਮੇ ਨੂੰ ਲਾਗੂ ਕਰਨ ਦੇ ਅਮਲ ਉੱਤੇ ਨਿਗ੍ਹਾ ਵੀ ਰੱਖੇਗੀ। ਪਾਰਟੀ ਵਿੱਚ ਜਥੇਬੰਦਕ ਤਬਦੀਲੀਆਂ ਦਾ ਜ਼ਿੰਮਾ ਵੀ ਟਾਸਕ ਫੋਰਸ ਦਾ ਹੋਵੇਗਾ।

'ਭਾਰਤ ਜੋੜੋ ਯਾਤਰਾ' ਦੇ ਤਾਲਮੇਲ ਲਈ ਕੇਂਦਰੀ ਯੋਜਨਾਬੰਦੀ ਗਰੁੱਪ ਦੇ ਮੈਂਬਰਾਂ ਵਿੱਚ ਦਿਗਵਿਜੈ ਸਿੰਘ, ਸਚਿਨ ਪਾਇਲਟ, ਸ਼ਸ਼ੀ ਥਰੂਰ, ਰਵਨੀਤ ਸਿੰਘ ਬਿੱਟੂ, ਕੇ ਜੇ ਜੌਰਜ, ਜੋਤੀ ਮਨੀ, ਪ੍ਰਦਯੁਤ ਬੋਰਡੋਲੋਈ, ਜੀਤੂ ਪਤਵਾਰੀ ਅਤੇ ਸਲੀਮ ਅਹਿਮਦ ਹੋਣਗੇ। ਬਿਆਨ ਮੁਤਾਬਕ ਟਾਸਕ ਫੋਰਸ ਦੇ ਸਾਰੇ ਮੈਂਬਰ ਤੇ ਕਾਂਗਰਸ ਦੀਆਂ ਸਾਰੀਆਂ ਮੂਹਰਲੀਆਂ ਜਥੇਬੰਦੀਆਂ ਦੇ ਸਾਰੇ ਮੁਖੀ ਕੇਂਦਰੀ ਗਰੁੱਪ ਦੇ ਵਿਸ਼ੇਸ਼ (ਐਕਸ ਆਫੀਸ਼ੀਓ) ਮੈਂਬਰ ਹੋਣਗੇ।

## ਕਿਸਾਨਾਂ ਵੱਲੋਂ ਸੜਕ ਬਣਾਊ ਕੰਪਨੀ ਦੇ ਦੋ ਪਲਾਂਟਾਂ ਉਤੇ ਕਬਜ਼ਾ



ਡੱਬਵਾਲੀ, 25 ਮਈ (ਪੋਸਟ ਬਿਊਰੋ)- ਉਸਾਰੀ ਅਧੀਨ ਅੰਮ੍ਰਿਤਸਰ-ਜਾਮਨਗਰ ਐਕਸਪ੍ਰੈਸਵੇਅ ਉੱਤੇਬਣਨ ਵਾਲੇ ਅੰਡਰਪਾਸ, ਸਿੰਜਾਈ ਖਾਲਾਂਅਤੇ ਬਕਾਇਆ ਐਵਾਰਡ ਜਾਰੀ ਕਰਨ ਸਣੇ ਹੋਰ ਮੰਗਾਂਦੀ ਸੁਣਵਾਈ ਨਾ ਹੋਣ ਦੇ ਵਿਰੋਧ ਵਿੱਚ ਕੱਲ੍ਹ ਪੀੜਤ ਕਿਸਾਨਾਂ ਨੇ ਠੇਕੇਦਾਰ ਕੰਪਨੀ ਦੇ ਅਲੀਕਾਂ ਅਤੇ ਅਬੁੱਲ ਸ਼ਹਿਰ ਵਾਲੇ ਦੋ ਪਲਾਂਟਾਂ ਦਾ ਘਿਰਾਓ ਕਰ ਕੇ ਉਥੇ ਚੱਲਦਾ ਕੰਮ ਰੁਕਵਾ ਦਿੱਤਾ। ਕੱਲ੍ਹ ਡੱਬਵਾਲੀ ਦੇ ਥਾਣਾ ਮੁਖੀ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਅੱਜ ਐਨ ਐਚ ਏ ਆਈ ਦੇ ਪ੍ਰੋਜੈਕਟ ਡਾਇਰੈਕਟਰ ਤੇ ਹੋਰ ਅਧਿਕਾਰੀ ਆ ਕੇ ਉਨ੍ਹਾਂ ਦੀ ਗੱਲ ਸੁਣਨਗੇ।

ਕਿਸਾਨਾਂ ਨੇ ਦੱਸਿਆ ਕਿ ਡੱਬਵਾਲੀ ਖੇਤਰ ਦੇ 9 ਪਿੰਡਾਂ ਵਿੱਚੋਂ ਲੰਘਦੇ ਭਾਰਤਮਾਲਾ ਐਕਸਪ੍ਰੈਸਵੇਅ ਤੋਂ ਪ੍ਰਭਾਵਤ ਕਿਸਾਨਾਂ ਨੇ ਧਰਨਾ ਲਾਇਆ ਹੋਇਆ ਹੈ ਤੇ ਕਿਸੇ ਨੇ ਉਨ੍ਹਾਂ ਦੀ ਸਾਰ ਨਹੀਂ ਲਈ। ਕੱਲ੍ਹ ਕਿਸਾਨਾਂ ਨੇ ਪਿੰਡ ਅਲੀਕਾਂ ਵਿੱਚ ਠੇਕੇਦਾਰ ਕੰਪਨੀ ਦੇ ਇੱਕ ਪਲਾਂਟ ਦਾ ਘਿਰਾਓ ਕਰ ਕੇ ਚਿਤਾਵਨੀ ਦਿੱਤੀ ਕਿ ਜੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਧਰਨੇ ਵਾਲੀ ਥਾਂਨਾ ਪਹੁੰਚੇ ਤਾਂ ਉਹ ਸੰਘਰਸ਼ ਤੇਜ਼ ਕਰਨਗੇ। ਇਸ ਮਗਰੋਂ ਸਿਟੀ ਥਾਣਾ ਮੁਖੀ ਨੇ ਕਿਸਾਨਾਂ ਨੂੰ ਕੱਲ੍ਹ ਇੱਕ ਵਜੇ ਤਕ ਪ੍ਰੋਜੈਕਟ ਡਾਇਰੈਕਟਰ ਤੇ ਹੋਰ ਅਧਿਕਾਰੀਆਂ ਨਾਲ ਗੱਲ ਕਰਵਾਉਣ ਦਾ ਭਰੋਸਾ ਦਿੱਤਾ ਸੀ। ਕੱਲ੍ਹ ਉਕਤ ਪਲਾਂਟ ਉੱਤੇ ਕਿਸੇ ਅਧਿਕਾਰੀ ਦੇ ਨਾ ਪੁੱਜਣ ਉੱਤੇਭੜਕੇ ਹੋਏ ਕਿਸਾਨਾਂ ਨੇ ਅਲੀਕਾਂ ਅਤੇ ਅਬੁੱਲ ਸ਼ਹਿਰ ਪਲਾਂਟਾਂ ਦਾ ਘਿਰਾਓ ਕੀਤਾ। ਉਨ੍ਹਾਂ ਦੱਸਿਆ ਕਿ ਪਲਾਂਟ ਦੇ ਮੁਲਾਜ਼ਮਾਂ ਨੂੰ ਅੰਦਰ-ਬਾਹਰ ਪੈਦਲ ਜਾਣ ਦੀ ਛੋਟ ਦਿੱਤੀ ਹੋਈ ਹੈ, ਪਰ ਨਿਰਮਾਣ ਸਮੱਗਰੀ ਅਤੇ ਵਾਹਨ ਅੰਦਰ ਆਉਣ ਉੱਤੇ ਪਾਬੰਦੀ ਹੈ। ਇਸ ਮੌਕੇ ਕਿਸਾਨਾਂ ਨੇ ਠੇਕੇਦਾਰ ਤੇ ਕੰਪਨੀ ਅਧਿਕਾਰੀ ਉੱਤੇ ਕਿਸਾਨਾਂ ਨਾਲ ਬਦਸਲੂਕੀ ਕਰਨ ਦੇ ਵੀ ਦੋਸ਼ ਲਾਏ। ਕਿਸਾਨਾਂ ਨੇ ਐਲਾਨ ਕੀਤਾ ਕਿ ਮੰਗਾਂ ਮੰਨੇ ਜਾਣ ਤਕ ਦੋਵੇਂ ਪਲਾਂਟਾਂ ਉੱਤੇ ਦਿਨ-ਰਾਤ ਦਾ ਪੱਕਾ ਧਰਨਾ ਜਾਰੀ ਰਹੇਗਾ ਤੇ ਐਕਸਪ੍ਰੈਸਵੇਅ ਦਾ ਕੰਮ ਨਹੀਂ ਚੱਲਣ ਦਿੱਤਾ ਜਾਵੇਗਾ।

# ਕੁਤਬ ਮੀਨਾਰ ਪੂਜਾ ਕਰਨ ਦੀ ਥਾਂ ਨਹੀਂ: ਏ ਐਸ ਆਈ



ਨਵੀਂ ਦਿੱਲੀ, 25 ਮਈ (ਪੋਸਟ ਬਿਊਰੋ)- ਭਾਰਤੀ ਪੁਰਾਤੱਤਵ ਸਰਵੇਖਣ (ਏ ਐਸ ਆਈ) ਨੇ ਕੱਲ੍ਹ ਦਿੱਲੀ ਦੀ ਇੱਕ ਅਦਾਲਤ ਵਿੱਚ ਕੁਤਬ ਮੀਨਾਰ ਕੰਪਲੈਕਸ ਅੰਦਰ ਹਿੰਦੂ ਤੇ ਜੈਨ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਮੁੜ ਸਥਾਪਤ ਕਰਨ ਦੀ ਮੰਗ ਸਬੰਧੀ ਅਪੀਲ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਕੋਈ ਪੂਜਾ ਵਾਲੀ ਥਾਂ ਨਹੀਂ ਤੇ ਇਸ ਸਮਾਰਕ ਦੀ ਮੌਜੂਦਾ ਸਥਿਤੀ ਬਦਲੀ ਨਹੀਂ ਜਾ ਸਕਦੀ। ਏ ਐਸ ਆਈ ਨੇ ਇਹ ਵੀ ਕਿਹਾ ਕਿ ਕੇਂਦਰ ਵੱਲੋਂ ਸੁਰੱਖਿਅਤ ਇਸ ਸਮਾਰਕ ਵਿੱਚ ਪੂਜਾ ਦੇ ਮੌਲਿਕ ਅਧਿਕਾਰ ਦਾ ਦਾਅਵਾ ਕਰਨ ਵਾਲੇ ਕਿਸੇ ਵਿਅਕਤੀ ਦੀ ਦਲੀਲ ਨਾਲ ਸਹਿਮਤ ਹੋਣਾ ਕਾਨੂੰਨ ਦੇ ਉਲਟ ਹੋਵੇਗਾ। ਏ ਐਸ ਆਈ ਨੇ ਹਾਲਾਂਕਿ ਇਹ ਕਿਹਾ ਕਿ ਕੁਤਬ ਮੀਨਾਰ ਦੀ ਉਸਾਰੀ ਦੌਰਾਨ ਹਿੰਦੂ ਤੇ ਜੈਨ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਤੇ ਹੋਰ ਸਮੱਗਰੀ ਦੀ ਮੁੜ ਵਰਤੋਂ ਕੀਤੀ ਗਈ ਸੀ।

ਐਡੀਸ਼ਨਲ ਜ਼ਿਲ੍ਹਾ ਜੱਜ ਨੇ ਪਟੀਸ਼ਨ ਉੱਤੇ ਫੈਸਲਾ 9 ਜੂਨ ਲਈ ਰਾਖਵਾਂ ਰੱਖ ਲਿਆ ਹੈ। ਮਾਮਲੇ ਦੀ ਸੁਣਵਾਈ ਦੌਰਾਨ ਏ ਐਸ ਆਈ ਨੇ ਕਿਹਾ ਕਿ ਜ਼ਮੀਨ ਦੀ ਸਥਿਤੀ ਦਾ ਉਲੰਘਣ ਕਰਦਿਆਂ ਮੌਲਿਕ ਅਧਿਕਾਰ ਦਾ ਲਾਭ ਨਹੀਂ ਲਿਆ ਜਾ ਸਕਦਾ। ਸੰਭਾਲ ਦਾ ਮੂਲ ਸਿਧਾਂਤ ਉਸ ਸਮਾਰਕ ਵਿੱਚ ਕੋਈ ਨਵੀਂ ਰਿਵਾਇਤ ਸ਼ੁਰੂ ਕਰਨ ਦੀ ਇਜਾਜ਼ਤ ਦੇਣਾ ਨਹੀਂ ਹੈ, ਜਿਸ ਕਾਨੂੰਨ ਤਹਿਤ ਸਮਾਰਕ ਨੂੰ ਸੁਰੱਖਿਅਤ ਦੇ ਨੋਟੀਫਾਈ ਐਲਾਨਿਆ ਗਿਆ ਹੋਵੇ। ਏ ਐਸ ਆਈ ਨੇ ਕਿਹਾ ਕਿ ਅਜਿਹੀ ਕਿਸੇ ਵੀ ਥਾਂਪੂਜਾ ਮੁੜ ਸ਼ੁਰੂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ, ਜਿੱਥੇ ਸਮਾਰਕ ਨੂੰ ਆਪਣੀ ਸੰਭਾਲ ਹੇਠ ਲੈਣ ਪਿੱਛੋਂ ਇਹ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਕੁਤਬ ਮੀਨਾਰ ਪੂਜਾ ਕਰਨ ਵਾਲੀ ਥਾਂ ਨਹੀਂ ਹੈ ਅਤੇ ਕੇਂਦਰ ਸਰਕਾਰ ਵੱਲੋਂ ਇਸ ਦੀ ਸੰਭਾਲ ਕੀਤੇ ਜਾਣ ਦੇ ਸਮੇਂ ਤੋਂ ਕੁਤਬ ਮੀਨਾਰ ਜਾਂ ਕੁਤਬ ਮੀਨਾਰ ਦਾ ਕੋਈ ਵੀ ਹਿੱਸਾ ਕਿਸੇ ਭਾਈਚਾਰੇ ਵੱਲੋਂ ਪੂਜਾ ਅਧੀਨ ਨਹੀਂ ਸੀ।

ਏ ਐਸ ਆਈ ਦੇ ਵਕੀਲ ਨੇ ਕਿਹਾ ਕਿ ਕੁੱਵਤ-ਉਲ-ਇਸਲਾਮ ਮਸਜਿਦ ਵਿੱਚ ਫਾਰਸੀ ਦੇ ਸ਼ਿਲਾਲੇਖ ਤੋਂ ਇਹ ਬਹੁਤ ਸਪੱਸ਼ਟ ਹੈ ਕਿ ਉਸ ਨੂੰ 27 ਮੰਦਰਾਂ ਤੋਂ ਨੱਕਾਸ਼ੀਦਾਰ ਥੰਮਲਿਆਂ ਤੇ ਹੋਰ ਨੱਕਾਸ਼ੀ ਵਾਲੀ ਸਮੱਗਰੀ ਤੋਂ ਬਣਾਇਆ ਗਿਆ ਸੀ। ਉਨ੍ਹਾਂ ਕਿਹਾ, ਸ਼ਿਲਾਲੇਖ ਤੋਂ ਸਾਫ ਹੈ ਕਿ ਇਨ੍ਹਾਂ ਮੰਦਰਾਂ ਦੇ ਪੱਥਰ ਵਰਤ ਕੇ ਮਸਜਿਦ ਬਣਾਈ ਗਈ ਹੈ, ਪਰ ਕਿਤੇ ਵੀ ਇਹ ਜ਼ਿਕਰ ਨਹੀਂ ਕਿ ਮੰਦਰ ਢਾਹ ਕੇ ਇਹ ਸਮੱਗਰੀ ਲਈ ਗਈ ਸੀ। ਨਾਲ ਇਹ ਵੀ ਸਪੱਸ਼ਟ ਨਹੀਂ ਕਿ ਉਨ੍ਹਾਂ ਨੂੰ ਉਸ ਥਾਂ ਤੋਂ ਲਿਆ ਗਿਆ ਸੀ ਜਾਂ ਬਾਹਰੋਂ ਲਿਆਂਦਾ ਗਿਆ ਸੀ। ਮੰਦਰ ਤੋੜੇ ਨਹੀਂ ਗਏ, ਉਸਾਰੀ ਲਈ ਮੰਦਰਾਂ ਦੇ ਕੁਝ ਟੁੱਟੇ ਹਿੱਸੇ ਵਰਤੇ ਗਏ ਹਨ।ਸੁਣਵਾਈ ਦੌਰਾਨ ਅਦਾਲਤ ਨੇ ਕਿਹਾ ਦੱਖਣੀ ਭਾਰਤ ਦੇ ਕਈ ਅਜਿਹੇ ਸਮਾਰਕ ਹਨ, ਜਿਨ੍ਹਾਂ ਦੀ ਵਰਤੋਂ ਨਹੀਂ ਹੁੰਦੀ ਤੇ ਪੂਜਾ ਨਹੀਂ ਕੀਤੀ ਜਾ ਰਹੀ। ਅਦਾਲਤ ਨੇ ਪੁੱਛਿਆ, ਕੀ ਤੁਸੀਂ ਚਾਹੁੰਦੇ ਹੋ ਕਿ ਸਮਾਰਕ ਨੂੰ ਮੰਦਰ ਵਿੱਚਬਦਲ ਦਿੱਤਾ ਜਾਵੇ। ਸਵਾਲ ਇਹ ਹੈ ਕਿ ਤੁਸੀਂ ਅਜਿਹੀ ਕਿਸੇ ਚੀਜ਼ ਦੀ ਬਹਾਲੀ ਲਈ ਕਾਨੂੰਨੀ ਅਧਿਕਾਰ ਦਾ ਦਾਅਵਾ ਕਿਵੇਂ ਕਰ ਸਕਦੇ ਹੋ, ਜੋ 800 ਸਾਲ ਪਹਿਲਾਂ ਹੋਈ ਹੈ।

ਇਸ ਦੌਰਾਨ ਸ੍ਰੀ ਕ੍ਰਿਸ਼ਨ ਜਨਮ ਭੂਮੀ-ਸ਼ਾਹੀ ਈਦਗਾਹ ਮਸਜਿਦ ਵਿਵਾਦ ਨਾਲ ਸਬੰਧਤ ਸਾਰੀਆਂ ਪਟੀਸ਼ਨਾਂ ਉੱਤੇ ਚਾਰ ਮਹੀਨੇ ਅੰਦਰ ਕਾਰਵਾਈ ਪੂਰੀ ਕਰਨ ਬਾਰੇ ਅਲਾਹਾਬਾਦ ਹਾਈ ਕੋਰਟ ਦੇ ਹੁਕਮਾਂ ਦੀ ਕਾਪੀ ਕੱਲ੍ਹ ਸਿਵਲ ਜੱਜ (ਸੀਨੀਅਰ ਡਵੀਜ਼ਨ) ਮਥੁਰਾ ਦੀ ਅਦਾਲਤ ਵਿੱਚ ਪੇਸ਼ ਕੀਤੀ ਗਈ। ਇਸ ਦੀ ਅਗਲੀ ਸੁਣਵਾਈ ਪਹਿਲੀ ਜੁਲਾਈ ਨੂੰ ਤੈਅ ਹੋਈ ਹੈ। ਪਟੀਸ਼ਨਰ ਮਨੀਸ਼ ਯਾਦਵ ਦੇ ਵਕੀਲ ਨੇ ਦੱਸਿਆ ਕਿ ਹਾਈ ਕੋਰਟ ਦੇ ਹੁਕਮਾਂ ਦੀ ਕਾਪੀ ਸਿਵਲ ਜੱਜ (ਸੀਨੀਅਰ ਡਵੀਜ਼ਨ) ਜਯੋਤੀ ਸਿੰਘ ਦੀ ਅਦਾਲਤ ਨੂੰ ਪੇਸ਼ ਕੀਤੀ ਹੈ। ਵਰਣਨ ਯੋਗ ਹੈ ਕਿ ਲਖਨਊ ਦੇ ਵਸਨੀਕ ਮਨੀਸ਼ ਯਾਦਵ ਨੇ ਖੁਦ ਨੂੰ ਭਗਵਾਨ ਕ੍ਰਿਸ਼ਨ ਦਾ ਵੰਸ਼ਜ਼ ਦੱਸਦਿਆਂ 15 ਦਸੰਬਰ 2020 ਨੂੰ ਸਿਵਲ ਜੱਜ ਸੀਨੀਅਰ ਡਵੀਜ਼ਨ ਦੀ ਅਦਾਲਤ ਵਿੱਚ ਕੇਸ ਦਾਇਰ ਕੀਤਾ ਸੀ।

## ਮਾਤਾ-ਪਿਤਾ ਅੱਗੇ ਤੋਂਸੋਸ਼ਲ ਮੀਡੀਆ ਆਦਤ ਲਈ ਕੰਪਨੀਆਂ ਉੱਤੇ ਮੁਕੱਦਮਾ ਕਰ ਸਕਣਗੇ



ਸੈਕ੍ਰਾਮੈਂਟੋ, 25 ਮਈ (ਪੋਸਟ ਬਿਊਰੋ)- ਕੈਲੀਫੋਰਨੀਆ ਦੇ ਵਾਸੀ ਸੋਸ਼ਲ ਮੀਡੀਆ ਕੰਪਨੀਆਂ ਨੂੰ ਉਨ੍ਹਾਂ ਦੇ ਬੱਚਿਆਂ ਨੂੰ ਨੁਕਸਾਨ ਪੁਚਾਉਣ ਲਈ ਜਲਦੀ ਹੀ ਜ਼ਿੰਮੇਵਾਰ ਠਹਿਰਾ ਸਕਣਗੇ ਜੋ ਉਨ੍ਹਾਂ ਦੇ ਉਤਪਾਦਾਂ ਦੇ ਆਦੀ ਹੋ ਗਏ ਹਨ।ਸੂਬੇ ਦੀ ਅਸੈਂਬਲੀ ਨੇ ਇੱਕ ਬਿੱਲ ਪਾਸ ਕੀਤਾ ਹੈ, ਜਿਸ ਵਿੱਚ ਸੋਸ਼ਲ ਮੀਡੀਆ ਦੇ ਆਦੀ ਬੱਚਿਆਂ ਦਾ ਨੁਕਸਾਨ ਕਰ ਰਹੀਆਂ ਕੰਪਨੀਆਂ ਉੱਤੇਕੇਸ ਦਾਇਰ ਕਰਨ ਦਾ ਪ੍ਰਬੰਧ ਹੈ। ਇਹ ਬਿੱਲ ਸੂਬੇ ਦੀ ਸੈਨੇਟ ਵਿੱਚ ਭੇਜਿਆ ਜਾਏਗਾ।

ਕਾਰੋਬਾਰੀ ਵਰਗਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਪ੍ਰਸਤਾਵ ਕਾਨੂੰਨ ਬਣ ਜਾਂਦਾ ਹੈ ਤਾਂ ਸੋਸ਼ਲ ਮੀਡੀਆ ਕੰਪਨੀਆਂ ਕਿਸੇ ਕਾਨੂੰਨੀ ਜੋਖਮ ਦਾ ਸਾਹਮਣਾ ਕਰਨ ਦੀ ਥਾਂ ਕੈਲੀਫੋਰਨੀਆ ਵਿੱਚ ਬੱਚਿਆਂ ਲਈ ਪ੍ਰੋਗਰਾਮ ਬੰਦ ਕਰ ਦੇਣਗੀਆਂ। ਇਹ ਬਿੱਲ ਸਿਰਫ ਉਨ੍ਹਾਂ ਸੋਸ਼ਲ ਮੀਡੀਆ ਕੰਪਨੀਆਂ ਉੱਤੇ ਲਾਗੂ ਹੋਵੇਗਾ, ਜਿਨ੍ਹਾਂ ਦਾ ਕੁੱਲ ਰੈਵੇਨਿਊ ਪਿਛਲੇ ਸਾਲ ਘੱਟ0 ਘੱਟ 10 ਕਰੋੜ ਡਾਲਰ ਸੀ।ਇਹ ਬਿੱਲ ਫੇਸਬੁੱਕ ਵਰਗੇ ਸੋਸ਼ਲ ਮੀਡੀਆ ਨੂੰ ਟਾਰਗੈਟ ਕਰਨ ਵਾਲਾ ਪ੍ਰਤੀਤ ਹੁੰਦਾ ਹੈ। ਇਹ ਨੈਟਫਲਿਕਸ ਅਤੇ ਹੁਲੁ ਵਰਗੀ ਸਟ੍ਰੀਮਿੰਗ ਸੇਵਾਵਾਂ ਜਾਂ ਸਿਰਫ ਈਮੇਲ ਤੇ ਸੰਦੇਸ਼ ਵਾਲੀਆਂ ਸੇਵਾਵਾਂ ਦੀ ਪੇਸ਼ਕਸ਼ ਵਾਲੀਆਂ ਕੰਪਨੀਆਂ ਉੱਤੇ ਲਾਗੂ ਨਹੀਂ ਹੋਵੇਗਾ। ਬਿੱਲ ਪੇਸ਼ ਕਰਨ ਵਾਲੇ ਰਿਪਬਲੀਕਨ ਨੇਤਾ ਜਾਰਡੰਡ ਕਨਿੰਘਮ ਨੇ ਕਿਹਾ,''ਬੱਚਿਆਂ ਉੱਤੇ ਸਮਾਜਿਕ ਪ੍ਰਯੋਗ ਕਰਨ ਦਾ ਯੁੱਗ ਖਤਮ ਹੋ ਗਿਆ ਤੇ ਅਸੀਂ ਬੱਚਿਆਂ ਦੀ ਰੱਖਿਆ ਕਰਾਂਗੇ।''




# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਤਨਖਾਹ ਦੇ ਕੇਸ ਵਿੱਚ ਅਦਾਲਤ ਵੱਲੋਂ ਸਖਤ ਕਾਰਵਾਈ ਦੇ ਸੰਕੇਤ

### * 41 ਪਟੀਸ਼ਨਾਂ ਦੀ ਇਕੱਠੀ ਸੁਣਵਾਈ




ਨਵੀਂ ਦਿੱਲੀ, 25 ਮਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਦੇ ਜਸਟਿਸ ਸੁਬਰਾਮਨੀਅਮ ਪ੍ਰਸ਼ਾਦ ਨੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਜ਼ (ਜੀ ਐਚ ਪੀ ਐਸ) ਦੇ ਤਨਖਾਹ ਦੇ ਬਕਾਏ ਵਾਲੇ ਮਾਮਲੇ ਵਿੱਚ ਮਾਣਹਾਨੀ ਦੀਆਂ 41 ਪਟੀਸ਼ਨਾਂ ਦੀ ਇਕੱਠੀ ਸੁਣਵਾਈ ਕਰਦਿਆਂ ਸਖਤ ਕਾਰਵਾਈ ਕਰਨ ਦਾ ਇਸ਼ਾਰਾ ਦਿੱਤਾ ਅਤੇ ਦਿੱਲੀ ਡਾਇਰੈਕਟੋਰੇਟ ਆਫ ਐਜੂਕੇਸ਼ਨ ਤੋਂ ਸਕੂਲਾਂ ਦੀ ਪ੍ਰਬੰਧਕੀ ਯੋਜਨਾ ਦਾ ਖਾਕਾ ਮੰਗਿਆ ਹੈ। ਇਸ ਦੀ ਅਗਲੀ ਸੁਣਵਾਈ ਦੋ ਜੂਨ ਨੂੰ ਹੋਵੇਗੀ, ਜਿਸ ਵਿੱਚ ਨੂੰ 41 ਪਟੀਸ਼ਨਾਂ ਦੀ ਇਕੱਠੇ ਸੁਣਵਾਈ ਕਰਦਿਆਂ ਜ਼ਿੰਮੇਵਾਰ ਲੋਕਾਂ ਨੂੰ ਛੇ ਮਹੀਨੇ ਅਤੇ ਹਰ ਪਟੀਸ਼ਨ ਦੇ ਹਿਸਾਬ ਨਾਲ 20 ਸਾਲ ਛੇ ਮਹੀਨੇ ਦੀ ਸਜ਼ਾ ਸੁਣਾਉਣ ਦਾ ਇਸ਼ਾਰਾ ਵੀ ਅਦਾਲਤ ਨੇ ਕੀਤਾ ਹੈ।

ਇਸ ਮਾਮਲੇ ਵਿੱਚ ਵਿਰੋਧੀ ਧਿਰਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸੈਕਟਰੀ ਜਗਦੀਪ ਸਿੰਘ ਕਾਹਲੋਂ ਨੂੰ ਜ਼ਿੰਮੇਵਾਰ ਦੱਸ ਰਹੀਆਂ ਹਨ। ਦਿੱਲੀ ਹਾਈ ਕੋਰਟ ਵੱਲੋਂ ਜ਼ਿੰਮੇਵਾਰਾਂ ਨੂੰ 20 ਸਾਲ ਛੇ ਮਹੀਨੇ ਲਈ ਜੇਲ੍ਹ ਭੇਜਣ ਦੇ ਇਸ਼ਾਰੇ ਤੋਂ ਬਾਅਦ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਦਿੱਲੀ ਕਮੇਟੀ ਨੂੰ ਜੀ ਐਸ ਪੀ ਐਸ ਨੂੰ ਬਚਾਉਣ ਵਿੱਚ ਮਦਦ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾ ਨੇ ਕਿਹਾ ਕਿ ਪ੍ਰਬੰਧਕਾਂ ਦੀ ਲਾਪਰਵਾਹੀ ਕਾਰਨ ਅਸੀਂ ਚੁੱਪ ਚੁਪੀਤੇ ਸਿੱਖ ਕੌਮ ਦੇ ਸਕੂਲਾਂ ਨੂੰ ਕੌਮ ਦੇ ਹੱਥੋਂ ਜਾਂਦੇ ਨਹੀਂ ਦੇਖ ਸਕਦੇ। ਉਨ੍ਹਾਂ ਕਿਹਾ ਕਿ ਮੇਰੇ ਪਿਤਾ ਜਥੇਦਾਰ ਸੰਤੋਖ ਸਿੰਘ ਨੇ ਇਨ੍ਹਾਂ ਸਕੂਲਾਂ ਦੀ ਨੀਂਹ ਰੱਖੀ ਸੀ, ਇਸ ਲਈ ਅਸੀਂ ਕੌਮ ਦੇ ਸਕੂਲਾਂ ਨੂੰ ਬਚਾਉਣ ਲਈ ਮੌਜੂਦਾ ਕਮੇਟੀ ਨਾਲ ਬੈਠਣ ਨੂੰ ਤਿਆਰ ਹਾਂ, ਹਾਲਾਂਕਿ ਇਨ੍ਹਾਂ ਦੀਆਂ ਗਲਤੀਆਂ ਨੇ ਸਕੂਲਾਂ ਨੂੰ ਇਸ ਤਰਸਯੋਗ ਹਾਲਤ ਵਿੱਚ ਪਾਇਆ ਹੈ। ਉਨ੍ਹਾਂ ਦੇ ਕਮੇਟੀ ਤੋਂ ਨਿਕਲਣ ਪਿੱਛੋਂ ਸੱਤ ਹਜ਼ਾਰ ਬੱਚੇ ਸਕੂਲ ਛੱਡ ਚੁੱਕੇ ਹਨ, ਜਿਸ ਨਾਲ ਸਕੂਲਾਂ ਦੇ ਵਿੱਤੀ ਸਰੋਤ ਪ੍ਰਭਾਵਤ ਹੋਏ ਹਨ। ਮਨਜੀਤ ਸਿੰਘ ਜੀ ਕੇ ਨੇ ਵਿਅੰਗਮਈ ਢੰਗ ਨਾਲ ਕਿਹਾ ਕਿ ਜਹਾਜ਼ ਦਾ ਕਪਤਾਨ ਮਨਜਿੰਦਰ ਸਿੰਘ ਸਿਰਸਾ ਪਹਿਲਾਂ ਹੀ ਭੱਜ ਗਿਆ ਹੈ ਅਤੇ ਪਿੱਛੇ ਛੱਡੇ ਪੱਲੇਦਾਰ ਤੇ ਅਰਦਲੀਆਂ ਦੇ ਵੱਸ ਵਿੱਚ ਕੁਝ ਵੀ ਨਹੀਂ ਹੈ, ਇਨ੍ਹਾਂ ਨੇ ਸਕੂਲਾਂ ਨੂੰ ਤਬਾਹ ਕਰ ਦਿੱਤਾ ਹੈ।

# ਟੈਕਸਸ ਦੇ ਸਕੂਲ ਵਿੱਚ ਹੋਏ ਕਤਲੇਆਮ ਨੂੰ ਟਰੂਡੋ ਨੇ ਦੱਸਿਆ ਦਿਲ ਦਹਿਲਾ ਦੇਣ ਵਾਲੀ ਘਟਨਾ

ਪੰਨਾ 1 ਦਾ ਬਾਕੀ




ਟਰੂਡੋ ਨੇ ਮੰਗਲਵਾਰ ਨੂੰ ਵੈਨਕੂਵਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਸ ਦੁਖਦ ਘਟਨਾ ਕਾਰਨ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਦੇ ਨਾਲ ਨਾਲ ਸਾਰੀ ਕਮਿਊਨਿਟੀ ਦੀਆਂ ਜ਼ਿੰਦਗੀਆਂ ਹਮੇਸ਼ਾਂ ਲਈ ਬਦਲ ਗਈਆਂ। ਉਨ੍ਹਾਂ ਆਖਿਆ ਕਿ ਇਸ ਦੁੱਖ ਦੀ ਘੜੀ ਵਿੱਚ ਅਸੀਂ ਸਾਰੇ ਕੈਨੇਡੀਅਨਜ਼ ਆਪਣੇ ਅਮੈਰੀਕਨ ਦੋਸਤਾਂ ਦੇ ਨਾਲ ਖੜ੍ਹੇ ਹਾਂ। ਅਧਿਕਾਰੀਆਂ ਨੇ ਦੱਸਿਆ ਕਿ ਉਵਾਲਡੇ ਟਾਊਨ ਵਿੱਚ ਰੌਬ ਐਲੀਮੈਂਟਰੀ ਸਕੂਲ ਵਿੱਚ ਦਾਖਲ ਹੋ ਕੇ ਇੱਕ 18 ਸਾਲਾ ਗੰਨਮੈਨ ਨੇ ਕਲਾਸ ਕਲਾਸ ਘੁੰਮ ਕੇ ਤੇ ਗੋਲੀਆਂ ਚਲਾ ਕੇ 19 ਬੱਚਿਆਂ ਤੇ ਦੋ ਬਾਲਗਾਂ ਨੂੰ ਮਾਰ ਮੁਕਾਇਆ। ਬਾਅਦ ਵਿੱਚ ਪੁਲਿਸ ਵੱਲੋਂ ਇਸ ਸ਼ੂਟਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਹਮਲੇ ਉੱਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਐਨਡੀਪੀ ਆਗੂ ਜਗਮੀਤ ਸਿੰਘ ਨੇ ਟਵਿੱਟਰ ਉੱਤੇ ਪਾਏ ਸੁਨੇਹੇ ਵਿੱਚ ਆਖਿਆ ਕਿ ਕਈ ਹੋਰਨਾਂ ਵਾਂਗ ਉਨ੍ਹਾਂ ਦਾ ਦਿਲ ਵੀ ਟੁੱਟ ਗਿਆ ਹੈ। ਉਨ੍ਹਾਂ ਆਖਿਆ ਕਿ ਬੱਚਿਆਂ ਨੂੰ ਪ੍ਰੋਟੈਕਸ਼ਨ ਤੇ ਸੇਫਟੀ ਦੀ ਲੋੜ ਹੁੰਦੀ ਹੈ, ਉਨ੍ਹਾਂ ਨੂੰ ਸਹੇਜ ਕੇ ਰੱਖਣ ਦੀ ਲੋੜ ਹੁੰਦੀ ਹੈ।ਬਲਾਕ ਕਿਊਬਿਕੁਆ ਆਗੂ ਯਵੇਸ ਫਰੈਂਕੋਇਸ ਬਲੈਂਚੈਟ ਨੇ ਆਖਿਆ ਕਿ ਟੈਕਸਸ ਵਿੱਚ ਵਾਪਰੀ ਇਸ ਤ੍ਰਾਸਦੀ ਨਾਲ ਪ੍ਰਭਾਵਿਤ ਪਰਿਵਾਰਾਂ ਲਈ ਉਹ ਦੁਆ ਮੰਗਦੇ ਹਨ। ਮੰਗਲਵਾਰ ਨੂੰ ਹੀ ਸ਼ੂਟਿੰਗ ਤੋਂ ਕੁੱਝ ਦੇਰ ਬਾਅਦ ਵਾਈਟ ਹਾਊਸ ਤੋਂ ਗੱਲ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਹਥਿਆਰਾਂ ਉੱਤੇ ਨਵੇਂ ਸਿਰੇ ਤੋਂ ਪਾਬੰਦੀਆਂ ਲਾਏ ਜਾਣ ਦਾ ਸੱਦਾ ਦਿੱਤਾ।

# ਸਰਕਾਰੀ ਲਾਟਰੀ ਦੀ ਆੜ ਹੇਠ ਚੱਲ ਰਹੇ ਵੱਡੇ ਪੱਧਰ ਤੇ ਦੜੇ ਸੱਟੇ ਦੇ ਨਜਾਇਜ ਕਾਰੋਬਾਰੀ ਚੜ੍ਹੇ ਪੁਲਿਸ ਅੜਿੱਕੇ, 18 ਲੱਖ 6 ਹਜ਼ਾਰ 970 ਰੁਪਏ ਬਰਾਮਦ



ਪਠਾਨਕੋਟ, 25 ਮਈ (ਰਾਜਿੰਦਰ ਸਿੰਘ ਰਾਜਨ)- ਐਸ ਐਸ ਪੀ ਪਠਾਨਕੋਟ ਸ੍ਰੀ ਅਰੁਣ ਸੈਣੀ ਵੱਲੋਂ ਜ਼ਲਿਾ ਪਠਾਨਕੋਟ ਵਿੱਚ ਮਾੜੇ ਅਨਸਰਾਂ ਦੇ ਖਿਲਾਫ਼ ਚਲਾਈ ਗਈ ਮੁਹਿੰਮ ਦੇ ਤਹਿਤ ਸ੍ਰੀ ਸੋਹਨ ਲਾਲ ਐਸ ਪੀ/ ਪੀ ਬੀ ਆਈ ਪਠਾਨਕੋਟ ਅਤੇ ਸੁਖਜਿੰਦਰ ਸਿੰਘ ਡੀ ਐਸ ਪੀ/ ਪੀ ਬੀ ਆਈ ਦੇ ਦਿਸ਼ਾ ਨਿਰਦੇਸ਼ ਹੇਠ ਇੰਸਪੈਕਟਰ ਅਨਿਲ ਪਵਾਰ ਸੀ ਆਈ ਏ ਸਟਾਫ ਪਠਾਨਕੋਟ ਵੱਲੋਂ ਸੁਜਾਨਪੁਰ (ਪਠਾਨਕੋਟ) ਵਿਖੇ ਸਰਕਾਰੀ ਲਾਟਰੀ ਦੀ ਆੜ ਹੇਠ ਚੱਲ ਰਹੇ ਵੱਡੇ ਪੱਧਰ ਤੇ ਦੜੇ ਸੱਟੇ ਦੇ ਨਜਾਇਜ ਕਾਰੋਬਾਰੀ ਨੂੰ 18 ਲੱਖ 6 ਹਜ਼ਾਰ 970 ਰੁਪਏ ਦੀ ਬ੍ਰਾਮਦਗੀ ਸਮੇਤ ਕਾਬੂ ਕਰਨ ਵਿੱਚ ਭਾਰੀ ਸਫਲਤਾ ਹਾਸਲ ਕੀਤੀ ਹੈ।

ਐਸ ਐਸ ਪੀ ਪਠਾਨਕੋਟ ਅਰੁਣ ਸੈਣੀ ਨੇ ਦੱਸਿਆ ਕਿ ਇੰਸਪੈਕਟਰ ਅਨਿਲ ਕੁਮਾਰ ਦੀ ਨਿਗਰਾਨੀ ਹੇਠ ਏ ਐਸ ਆਈ ਸ੍ਵਿ ਕੁਮਾਰ ਸਮੇਤ ਸੁਜਾਨਪੁਰ ਵਿਖੇ ਗਸਤ ਦੇ ਸੰਬੰਧ ਵਿੱਚ ਮੌਜੂਦ ਸੀ। ਮੁਖਬਰੀ ਹੋਈ ਕਿ ਅਸ਼ੋਕ ਬਾਵਾ ਪੁੱਤਰ ਮੋਹਨ ਦਾਸ, ਵਿਨੋਦ ਕੁਮਾਰ ਕੁਮਾਰ ਉਰਫ ਸੰਮੀ ਪੁੱਤਰ ਬਲਦੇਵ ਰਾਜ ਅਤੇ ਰੋਕੀ ਕੁਮਾਰ ਪੁੱਤਰ ਰਤਨ ਚੰਦ ਵਾਸੀ ਸੁਜਾਨਪੁਰ ਸਰਕਾਰੀ ਲਾਟਰੀ ਦੀ ਆੜ ਹੇਠ ਵੱਡੇ ਪੱਧਰ ਤੇ ਦੜੇ ਸੱਟੇ ਦਾ ਧੰਦਾ ਕਰਦੇ ਹਨ ਜੋ ਮੁਖਬਰੀ ਦੇ ਅਧਾਰ ਤੇ ਇਨ੍ਹਾਂ ਨੂੰ ਕਾਬੂ ਕੀਤਾ ਜਿਨ੍ਹਾਂ ਪਾਸੋਂ 2 ਕੰਪਿਊਟਰ ਸੈਟ, ਇੱਕ ਕੈਲਕੂਲੇਟਰ' 56 ਹੱਥ-ਲਿਖਤ ਦੜੇਸੱਟ ਵਾਲੀਆਂ ਪਰਚੀਆਂ, ਚਾਰ ਡਾਇਰੀਆ ਅਤੇ 18 ਲੱਖ 6 ਹਜ਼ਾਰ 970 ਰੁਪਏ ਭਾਰਤੀ ਕਰੰਸੀ ਨੋਟ ਬਰਾਮਦ ਕੀਤੇ ਹਨ ਇਸ ਸਬੰਧ ਵਿੱਚ ਮੁਕੱਦਮਾ ਨੰਬਰ 63 ਮਿਤੀ 25-05-2022 ਜੁਰਮ 420- ਆਈ ਪੀ ਸੀ 13 ਏ-3-67 ਜੀ-ਏ ਸੀ ਟੀ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨ੍ਹਾ ਦੱਸਿਆ ਕਿ ਦੋਸ਼ੀਆ ਪਾਸੋਂ ਹੋਰ ਇਨਸਾਫ਼ ਹੋਣ ਦੀ ਆਸ ਹੈ।

ਅਰੁਣ ਸੈਣੀ ਐਸ ਐਸ ਪੀ ਪਠਾਨਕੋਟ ਵੱਲੋ ਪ੍ਰੈੱਸ ਮੀਡੀਆ ਰਾਹੀਂ ਅਜਿਹੇ ਲਾਟਰੀ ਸਟਾਲ ਸੱਟੇਬਾਜਾਂ ਅਤੇ ਨਸ਼ਾ ਤਸਕਰਾਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਅਜਿਹੇ ਧੰਦੇ ਬੰਦ ਕਰਕੇ ਇੱਕ ਚੰਗੇ ਇਨਸਾਨ ਬਣ ਕੇ ਇਕ ਚੰਗੇ ਇਨਸਾਨ ਵਾਲਾ ਜੀਵਨ ਬਤੀਤ ਕਰਨ ਕਿਉਂਕਿ ਜ਼ਲਿਾ ਪਠਾਨਕੋਟ ਵਿੱਚ ਅਜਿਹੇ ਮਾੜੇ ਅਨਸਰਾਂ ਲਈ ਕੋਈ ਜਗ੍ਹਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage
## Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal, Co-Host
Cell:416-587-5520
Email: iqbalmahal46@gmail.com
Iqbal Mahal, Producer & Host
Serving the South Asian Community Since 1976

## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

204-333-9000, 416-818-3777

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਟੋਰਾਂਟੋ ਵਿੱਚ ਮੌਂਕੀਪੌਕਸ ਦੇ ਦੋ ਨਵੇਂ ਸ਼ੱਕੀ ਮਾਮਲੇ ਆਏ ਸਾਹਮਣੇ

ਪੰਨਾ 1 ਦਾ ਬਾਕੀ

ਟੀਪੀਐਚ ਨੇ ਦੱਸਿਆ ਕਿ ਇਹ ਤਿੰਨੇ ਮਾਮਲੇ ਪੁਰਸ਼ਾਂ ਵਿੱਚ ਹੀ ਪਾਏ ਗਏ ਹਨ ਜਿਨ੍ਹਾਂ ਵਿੱਚੋਂ ਦੋ 30 ਸਾਲਾਂ ਦੇ ਤੇ ਇੱਕ ਆਪਣੇ 20ਵਿਆਂ ਵਿੱਚ ਹੈ। ਇਹ ਵੀ ਦੱਸਿਆ ਗਿਆ ਕਿ ਤਿੰਨੇ ਵਿਅਕਤੀ ਜ਼ੇਰੇ ਇਲਾਜ ਹਨ। ਏਜੰਸੀ ਨੇ ਆਖਿਆ ਕਿ ਤਿੰਨਾਂ ਵਿੱਚੋਂ ਇੱਕ ਵਿਅਕਤੀ ਮਾਂਟਰੀਅਲ ਜਾ ਕੇ ਆਇਆ ਸੀ ਤੇ ਟੋਰਾਂਟੋ ਪਬਲਿਕ ਹੈਲਥ ਦਾ ਕਹਿਣਾ ਹੈ ਕਿ ਇਹ ਇੱਥੇ ਸਾਹਮਣੇ ਆਏ ਪਹਿਲੇ ਮਾਮਲੇ ਦੇ ਸੰਪਰਕ ਵਿੱਚ ਵੀ ਆਇਆ ਸੀ।



ਮੌਂਕੀਪੌਕਸ ਇੱਕ ਵਿਲੱਖਣ ਕਿਸਮ ਦੀ ਬਿਮਾਰੀ ਹੈ ਜਿਹੜੀ ਵਾਇਰਸਿਜ਼ ਦੇ ਪਰਿਵਾਰ ਦਾ ਹੀ ਹਿੱਸਾ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦਾ ਦਾਅਵਾ ਹੈ ਕਿ ਸਮਾਲਪੌਕਸ ਲਈ ਜ਼ਿੰਮੇਵਾਰ ਸਮਾਲਪੌਕਸ ਨੂੰ 1980 ਵਿੱਚ ਹੀ ਖ਼ਤਮ ਕੀਤਾ ਜਾ ਚੁੱਕਿਆ ਹੈ।ਟੀਪੀਐਚ ਨੇ ਦੱਸਿਆ ਕਿ ਇਸ ਦੇ ਲੱਛਣਾਂ ਵਿੱਚ ਬੁਖਾਰ, ਸਿਰ ਦਰਦ, ਮਸਲਜ਼ ਵਿੱਚ ਦਰਦ ਤੇ ਸ਼ਰੀਰ ਉੱਤੇ ਧੱਫੜ ਪੈ ਜਾਂਦੇ ਹਨ। ਪਹਿਲਾਂ ਇਹ ਮੂੰਹ ਤੋਂ ਸ਼ੁਰੂ ਹੋ ਕੇ ਸ਼ਰੀਰ ਦੇ ਹੋਰਨਾਂ ਹਿੱਸਿਆਂ ਵਿੱਚ ਫੈਲਦੀ ਹੈ। ਬਹੁਤੇ ਲੋਕ ਬਿਨਾਂ ਇਲਾਜ ਤੋਂ ਆਪਣੇ ਆਪ ਵੀ ਠੀਕ ਹੋ ਜਾਂਦੇ ਹਨ। ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਕਾਰਨ ਖਤਰਾ ਕਾਫੀ ਘੱਟ ਹੈ।







